


Friday, August 09, 2024

# ਪੰਜਾਬੀ ਜਰਨਲ
# PUNJABI JOURNAL

ਸਾਉਣ 25, ਨਾਨਕਸ਼ਾਹੀ ਸੰਮਤ: 555 | Volume: 17, Issue: 32 | Ph: 604-507-8009
www.punjabijournal.ca, Email: punjabijournal@gmail.com



'ਬੇਸਬਰੀ' ਨਾਲ ਇੰਤਜ਼ਾਰ ਕਰ ਰਹੀ ਸੀ: ਨੇਹਾ ਸ਼ਰਮਾ ਪੰਨਾ 22

ਮੋਰਚਾ ਗੁਰੂ ਕਾ ਬਾਗ ਪੰਨਾ 06











**ਦਿੱਲੀ:** ਪੈਰਿਸ ਵਿਚ ਓਲੰਪਿਕ ਮੈਡਲ ਦਾ ਸੁਪਨਾ ਟੁੱਟਣ ਤੋਂ ਬਾਅਦ ਨਿਰਾਸ਼ ਵਿਨੇਸ਼ ਫੋਗਾਟ ਨੇ ਵੀਰਵਾਰ ਨੂੰ ਕੁਸ਼ਤੀ ਨੂੰ ਅਲਵਿਦਾ ਕਹਿ ਦਿੱਤਾ। ਵਿਨੇਸ਼ ਨੂੰ ਸਿਰਫ਼ 100 ਗ੍ਰਾਮ ਤੋਂ ਜ਼ਿਆਦਾ ਭਾਰ ਹੋਣ ਕਾਰਨ ਅਯੋਗ ਕਰਾਰ ਦਿੱਤਾ ਗਿਆ, ਜਿਸ ਨਾਲ ਨਾਲ ਸਿਰਫ਼ ਭਾਰਤ ਦੀਆਂ ਤਗਮੇ ਦੀਆਂ ਉਮੀਦਾਂ ਟੁੱਟ ਗਈਆਂ ਸਗੋਂ ਹਰਿਆਣਾ ਦੇ ਇਸ ਭਲਵਾਨ ਦਾ ਮਨੋਬਲ ਵੀ ਢਹਿ-ਢੇਰੀ ਕਰ ਦਿੱਤਾ। 29 ਸਾਲਾ ਵਿਨੇਸ਼ ਨੇ ਖੇਡ ਕੋਰਟ ਵਿਚ ਆਪਣੀ ਅਯੋਗਤਾ ਦੇ ਖਿਲਾਫ ਅਪੀਲ ਕੀਤੀ ਹੈ ਅਤੇ 50 ਕਿਲੋ ਭਾਰ ਵਰਗ ਵਿਚ ਸੰਯੁਕਤ ਚਾਂਦੀ ਦੇ ਤਗਮੇ ਦੀ ਮੰਗ ਕੀਤੀ ਹੈ। ਵਿਸ਼ੇਸ਼ ਨੇ ਮੰਗਲਵਾਰ ਨੂੰ ਓਲੰਪਿਕ ਫਾਈਨਲ ਵਿਚ ਪਹੁੰਚ ਕੇ ਇਤਿਹਾਸ ਰਚ ਦਿੱਤਾ ਸੀ। ਟੋਕੀਓ ਓਲੰਪਿਕ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਉਸਦੀ ਵਾਪਸੀ ਦੀ ਕਹਾਣੀ ਦਿ ਟੁੱਟਣ ਨਾਲ ਖਤਮ ਹੋ ਗਈ।ਵਿਨੇਸ਼ ਦਾ ਭਾਰ 50 ਕਿਲੋਗ੍ਰਾਮ ਦੀ ਹੱਦ ਤੋਂ 100 ਗ੍ਰਾਮ ਵੱਧ ਪਾਇਆ ਗਿਆ।

## ਪ੍ਰਿੰਸੀਪਲ ਸਰਵਣ ਸਿੰਘ ਆਪਣਾ ਸੋਨ ਤਗਮਾ ਵਿਨੇਸ਼ ਦੀ ਝੋਲੀ ਪਾਉਣਗੇ



**ਜਲੰਧਰ:** ਪ੍ਰਿੰਸੀਪਲ ਸਰਵਣ ਸਿੰਘ ਨੇ ਪਹਿਲਵਾਨ ਵਿਨੇਸ਼ ਫ਼ੋਗਾਟ ਨੂੰ ਅਯੋਗ ਕਰਾਰ ਦਿੱਤੇ ਜਾਣ ਦੇ ਮਾਮਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਹਿਲਵਾਨ ਨੂੰ ਘਿਨੌਣੀ ਸਾਜਿਸ਼ ਦਾ ਸ਼ਿਕਾਰ ਬਣਾਇਆ ਗਿਆ ਹੈ।

ਵਿਨੇਸ਼ ਨੂੰ ਇਸ ਵੇਲੇ ਸਭ ਤੋਂ ਵੱਧ ਆਪਣੇ ਲੋਕਾਂ ਦੇ ਪਿਆਰ, ਆਸ਼ੀਰਵਾਦ ਦੀ ਜ਼ਰੂਰਤ ਹੈ। ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਪੰਜਾਬ ਦੀ ਮਿੰਨੀ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡਾਂ ਹਕੀਮਪੁਰ ਵਿਚ 5 ਮਾਰਚ 2023 ਨੂੰ ਪੰਜਾਬੀ ਖੇਡ ਪ੍ਰਮੋਟਰਾਂ ਵਲੋਂ ਉਮਰ ਭਰ ਦੀ ਸਿੱਖਿਆ, ਸਾਹਿਤ, ਸਿਹਤ ਤੇ ਖੇਡ ਸੇਵਾਵਾਂ ਲਈ 'ਖੇਡ ਰਤਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ।

ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਸਮੁੱਚੇ ਲੇਖਕ ਜਗਤ ਵੱਲੋਂ ਆਪਣੀਆਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਮਿਲੇ ਸਵਾ ਦੋ ਤੋਲੇ ਸੋਨੇ ਦੇ ਤਗਮੇ ਨੂੰ ਨਿਵੇਸ਼ ਦੀ ਦੀ ਝੋਲੀ ਪਾਉਣਗੇ।

ਇਸ ਮੌਕੇ ਪੰਜਾਬੀ ਖੇਡ ਜਗਤ ਦੇ ਇਸ ਬਾਬਾ ਬੋਹੜ ਨੇ ਇਹ ਵੀ ਕਿਹਾ ਕਿ ਵਿਨੇਸ਼ ਨੂੰ ਇਸ ਵੇਲੇ ਨਾ ਸੋਨ ਤਗਮੇ ਦੀ ਲੋੜ ਹੈ, ਨਾ ਪੈਸੇ ਦੀ, ਉਸ ਨੂੰ ਲੋੜ ਹੈ ਪਿਆਰ, ਧਰਵਾਸ ਅਤੇ ਆਸ਼ੀਰਵਾਦ ਦੀ।

## ਮੁੱਖ ਮੰਤਰੀ ਮਾਨ ਵੱਲੋਂ ਐਨ ਆਰ ਆਈ ਭਾਈਚਾਰੇ ਨੂੰ ਵੱਡਾ ਤੋਹਫਾ

## ਨਵੀਂ ਦਿੱਲੀ ਏਅਰਪੋਰਟ ਤੋਂ ਪੰਜਾਬ ਸਹਾਇਤਾ ਕੇਂਦਰ ਦੀ ਕੀਤੀ ਸ਼ੁਰੂਆਤ




ਜਲੰਧਰ: ਦੁਨੀਆ ਭਰ 'ਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦੇ ਟਰਮੀਨਲ-3 ਵਿਖੇ 'ਪੰਜਾਬ ਸਹਾਇਤਾ ਕੇਂਦਰ' ਦੇ ਨਾਂ ਹੇਠ ਆਹਲਾ ਦਰਜੇ ਦਾ ਐੱਨ. ਆਰ. ਆਈ, ਸੁਵਿਧਾ ਕੇਂਦਰ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਲਈ ਅੱਜ ਇਕ ਇਤਿਹਾਸਕ ਦਿਨ ਹੈ ਕਿਉਂਕਿ ਪੰਜਾਬ ਅਜਿਹਾ ਉਪਰਾਲਾ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਤੋਂ ਸੂਬਾ ਸਰਕਾਰ ਦੀ ਐੱਨ. ਆਰ. ਆਈ. ਭਾਈਚਾਰੇ ਦੀ ਮਦਦ ਅਤੇ ਸਹਿਯੋਗ ਕਰਨ ਲਈ ਦ੍ਰਿੜ੍ਹ ਵਚਨਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ।

ਇਹ ਕੇਂਦਰ 24 ਘੰਟੇ ਕਾਰਜਸ਼ੀਲ ਰਹੇਗਾ ਅਤੇ ਇਸ ਟਰਮੀਨਲ 'ਤੇ ਆਉਣ ਵਾਲੇ ਐੱਨ. ਆਰ. ਆਈਜ਼ ਅਤੇ ਹੋਰ ਯਾਤਰੀਆਂ ਨੂੰ ਸਹਾਇਤਾ ਪ੍ਰਦਾਨ ਕਰੇਗਾ।

ਮਾਨ ਨੇ ਕਿਹਾ ਕਿ ਇਸ ਕੇਂਦਰ ਕੋਲ 2 ਇਨੋਵਾ ਕਾਰਾਂ ਹੋਣਗੀਆਂ, ਜੋ ਯਾਤਰੀਆਂ ਨੂੰ ਪੰਜਾਬ ਭਵਨ ਜਾਂ ਹੋਰ ਨੇੜਲੀਆਂ ਥਾਵਾਂ 'ਤੇ ਲਿਜਾਣ ਲਈ ਸਹਾਇਤਾ ਕਰਨਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਯਾਤਰੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਕਿਸੇ ਵੇਲੇ ਵੀ ਹਵਾਈ ਉਡਾਣਾਂ ਦੇ ਪਹੁੰਚਣ, ਉਡਾਣਾਂ ਦੇ ਸਮੇਂ, ਟੈਕਸੀ ਸਰਵਿਸ, ਹਵਾਈ ਅੱਡੇ 'ਤੇ ਗੁਆਚੇ ਸਾਮਾਨ ਬਾਰੇ ਸੂਚਿਤ ਕਰਨ ਜਾਂ ਕੋਈ ਹੋਰ ਸਹਾਇਤਾ ਲਈ ਇਸ ਕੇਂਦਰ ਤੱਕ ਪਹੁੰਚ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਮ ਦੀ ਐਮਰਜੈਂਸੀ ਆਉਂਦੀ ਹੈ ਤਾਂ ਨਵੀਂ ਦਿੱਲੀ ਸਥਿਤ ਪੰਜਾਬ ਭਵਨ, ਕਾਪਰਨਿਕਸ ਮਾਰਗ ਵਿਖੇ ਕੁਝ ਕਮਰੇ ਵੀ ਯਾਤਰੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਦਿੱਤੇ ਜਾਣਗੇ। ਕੋਈ ਵੀ ਸਹਾਇਤਾ ਲੈਣ ਲਈ 011-61232182 'ਤੇ ਸੰਪਰਕ ਕੀਤਾ ਜਾ ਸਕਦਾ ਹੈ।







RETURN UNDELIVERABLE TO CIRCULATION WING - SW MEDIA GROUP #13 - 11888 MELLIS DR. RICHMOND BC V6X 1M1 PUBLICATION MAIL Contract/Agreement # is 41798524.

# ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਤੇ ਆਸਟ੍ਰੇਲੀਆ ਨਹੀਂ ਦੇ ਰਹੇ ਵੀਜ਼ਾ

**ਓਟਾਵਾ:** ਕੈਨੇਡਾ ਅਤੇ ਆਸਟ੍ਰੇਲੀਆ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਵਿੱਚ ਕੋਤਾਹੀ ਕੀਤੀ ਜਾ ਰਹੀ ਹੈ। ਦਿ ਪ੍ਰਿੰਟ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਉੱਚ ਸਿੱਖਿਆ ਹਾਸਲ ਕਰਨ ਦੇ ਚਾਹਵਾਨ ਪੰਜਾਬ, ਗੁਜਰਾਤ ਅਤੇ ਹਰਿਆਣਾ ਦੇ ਵੀਜ਼ਾ ਬਿਨੈਕਾਰਾਂ ਨੂੰ ਵੱਡੀ ਗਿਣਤੀ ਵਿੱਚ ਰੱਦ ਕੀਤੇ ਜਾਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੇਸ਼ਾਂ ਨੇ ਨਿਯਮ ਸਖ਼ਤ ਕਰ ਦਿੱਤੇ ਹਨ। ਇਸ ਵਿੱਚ ਖਾਸ ਕਰਕੇ ਭਾਰਤ ਦੇ ਕੁਝ ਰਾਜਾਂ ਦੇ ਵਿਦਿਆਰਥੀਆਂ ਨੂੰ ਸਖ਼ਤ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਿਪੋਰਟ ਵਿੱਚ ਮਾਹਿਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਜਿਹੜੇ ਦੇਸ਼ ਮਹਿਸੂਸ ਕਰਦੇ ਹਨ ਕਿ ਭਾਰਤੀ ਪਰਵਾਸ ਕਰਨ ਦੇ ਚਾਹਵਾਨ ਹਨ, ਉਹ ਸਿਸਟਮ ਨਾਲ ਖੇਡ ਰਹੇ ਹਨ ਅਤੇ ਵਿਦਿਆਰਥੀ ਵੀਜ਼ਾ ਦਾ ਆਸਾਨ ਰਸਤਾ ਚੁਣ ਰਹੇ ਹਨ, ਉਹ ਹੀ ਨਿਯਮ ਸਖ਼ਤ ਕਰ ਰਹੇ ਹਨ। ਕੈਨੇਡਾ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਕੈਨੇਡਾ ਵਿੱਚ ਕਾਨੂੰਨੀ ਪ੍ਰਵੇਸ਼ ਤੋਂ ਬਾਅਦ, ਕੋਈ ਵਿਅਕਤੀ ਇਹ ਦਾਅਵਾ ਕਰਦੇ ਹੋਏ ਸ਼ਰਣ ਲਈ ਅਰਜ਼ੀ ਦੇ ਸਕਦਾ ਹੈ ਕਿ ਉਸ ਕੋਲ ਪਾਸਪੋਰਟ ਨਹੀਂ ਹੈ। ਕੈਨੇਡੀਅਨ ਕਾਨੂੰਨ ਸ਼ਰਣ ਮੰਗਣ ਵਾਲਿਆਂ ਨੂੰ ਉਚਿਤ ਦਸਤਾਵੇਜ਼ਾਂ ਤੋਂ ਬਿਨਾਂ ਵਾਪਸ ਜਾਣ ਤੋਂ ਰੋਕਦਾ ਹੈ ਜਦੋਂ ਤੱਕ ਉਨ੍ਹਾਂ ਦੀ ਸ਼ਰਨਾਰਥੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਕੈਨੇਡਾ ਅਤੇ ਆਸਟ੍ਰੇਲੀਆ ਨੂੰ ਆਕਰਸ਼ਕ ਸਥਾਨਾਂ ਵਜੋਂ ਦੇਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਕੋਲ ਯੂ.ਕੇ ਅਤੇ ਅਮਰੀਕਾ ਦੇ ਮੁਕਾਬਲੇ ਆਸਾਨ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਮਾਪਦੰਡ ਹਨ।ਸਿੱਖਿਆ ਅਤੇ ਇਮੀਗ੍ਰੇਸ਼ਨ ਸਲਾਹਕਾਰਾਂ ਨਾਲ ਗੱਲਬਾਤ ਦੇ ਆਧਾਰ 'ਤੇ 'ਦਿ ਪ੍ਰਿੰਟ' ਨੇ ਕਿਹਾ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਵੀਜ਼ਾ ਧੋਖਾਧੜੀ ਦੇ ਵਧਦੇ ਮਾਮਲਿਆਂ ਕਾਰਨ ਇਹ ਬਦਲਾਅ ਹੋਏ ਹਨ। ਯੂਨੀਵਰਸਿਟੀਆਂ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਲਈ ਅਸਵੀਕਾਰ ਦਰਾਂ ਦੀ ਰਿਪੋਰਟ ਨਹੀਂ ਕਰਦੀਆਂ ਪਰ ਯੂ.ਐਸ ਇਮੀਗ੍ਰੇਸ਼ਨ ਫਰਮ ਓਭ5ਙ਼ਿਛਸ਼ ਦੇ ਮੁਖੀ ਵਿਵੇਕ ਟੰਡਨ ਅਨੁਸਾਰ ਕੈਨੇਡਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਗੁਜਰਾਤ, ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀਆਂ ਵਿੱਚ ਅਸਵੀਕਾਰ ਦਰਾਂ ਦਾ ਇੱਕ ਪੈਟਰਨ ਜਾਪਦਾ ਹੈ ਜਦਕਿ ਆਸਟ੍ਰੇਲੀਆ ਨੇ ਅਤੀਤ ਵਿੱਚ ਵੀ ਪਾਬੰਦੀਆਂ ਲਗਾਈਆਂ ਹਨ।

ਕੈਨੇਡਾ ਲਈ ਸਟੂਡੈਂਟ ਵੀਜ਼ਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬ ਦੇ ਵਿਦਿਆਰਥੀਆਂ ਦੀ ਹੈ। ਟੰਡਨ ਦਾ ਮੰਨਣਾ ਹੈ ਕਿ 2023 ਵਿੱਚ ਕੈਨੇਡਾ ਵਿੱਚ ਸਵੀਕਾਰ ਕੀਤੇ ਗਏ 2.25 ਲੱਖ ਭਾਰਤੀ ਵਿਦਿਆਰਥੀ ਵੀਜ਼ੇ ਵਿੱਚੋਂ 1.35 ਲੱਖ ਪੰਜਾਬ ਦੇ ਸਨ। ਇਸ ਗੱਲ ਦਾ ਕੋਈ ਅੰਕੜਾ ਨਹੀਂ ਹੈ ਕਿ ਕਿਹੜੇ ਰਾਜ ਵਿੱਚ ਸਭ ਤੋਂ ਵੱਧ ਸਵੀਕ੍ਰਿਤੀ ਦਰ ਹੈ ਪਰ ਇਹ ਦੇਖਦੇ ਹੋਏ ਕਿ ਕੈਨੇਡਾ ਅਤੇ ਆਸਟ੍ਰੇਲੀਆ ਪੰਜਾਬ ਦੀਆਂ ਅਰਜ਼ੀਆਂ ਦੀ ਵਧੇਰੇ ਧਿਆਨ ਨਾਲ ਜਾਂਚ ਕਰ ਰਹੇ ਹਨ, ਇਹ ਮੰਨਿਆ ਜਾ ਸਕਦਾ ਹੈ ਕਿ ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਦੇ ਬਿਨੈਕਾਰਾਂ ਨੂੰ ਵਧੇਰੇ ਅਨੁਕੂਲਤਾ ਨਾਲ ਦੇਖਿਆ ਜਾਂਦਾ ਹੈ।

ਪਿਛਲੇ ਸਾਲ ਮਈ ਵਿੱਚ ਕਈ ਆਸਟ੍ਰੇਲੀਅਨ ਯੂਨੀਵਰਸਿਟੀਆਂ ਨੇ ਜਾਅਲੀ ਦਸਤਾਵੇਜ਼ਾਂ ਅਤੇ ਉੱਚ ਛੱਡਣ ਦੀ ਦਰ ਦਾ ਹਵਾਲਾ ਦਿੰਦੇ ਹੋਏ ਪੰਜਾਬ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਗੁਜਰਾਤ ਅਤੇ ਜੰਮੂ-ਕਸ਼ਮੀਰ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਬੰਦ ਕਰ ਦਿੱਤੀ ਸੀ। ਆਸਟ੍ਰੇਲੀਆ ਦੇ ਗ੍ਰਹਿ ਮਾਮਲਿਆਂ ਦੇ ਵਿਭਾਗ ਨੇ ਭਾਰਤੀ ਵਿਦਿਆਰਥੀਆਂ ਦੀ ਚਾਰ ਵਿੱਚੋਂ ਇੱਕ ਅਰਜ਼ੀ ਨੂੰ 'ਗੈਰ-ਅਸਲ' ਮੰਨਿਆ ਸੀ।

# ਹਾਕੀ ਦੀ ਟੋਕੀਓ 'ਚ ਹੋਈ ਸ਼ੁਰੂਆਤ 'ਤੇ ਪੈਰਿਸ 'ਚ ਮਿਲਿਆ ਮੁਕਾਮ



**ਦਿੱਲੀ:** 1928 ਵਿਚ ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ ਓਲੰਪਿਕ ਵਿਚ ਉਤਰੀ ਸੀ। ਉਦੋਂ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੀ ਅਗਵਾਈ ਵਿਚ ਐਮਸਟਰਡਮ ਤੋਂ ਸ਼ੁਰੂ ਹੋਇਆ ਸੋਨ ਤਗਮਾ ਜਿੱਤਣ ਦਾ ਸਿਲਸਿਲਾ 1958 ਤੱਕ ਜਾਰੀ ਰਿਹਾ। ਇਸ ਦੌਰ ਭਾਰਤੀ ਹਾਕੀ ਦਾ ਸੁਨਹਿਰੀ ਦੌਰ ਕਿਹਾ ਜਾਂਦਾ ਹੈ, ਜਦੋਂ ਭਾਰਤ ਨੇ ਲਗਾਤਾਰ ਛੇ ਸੋਨ ਤਗਮੇ ਜਿੱਤੇ ਸੀ। ਇਸ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ 1980 ਵਿਚ ਚਾਂਦੀ, 1968 ਅਤੇ 1972 ਵਿਚ ਕਾਂਸੀ ਦਾ ਤਗਮਾ ਜਿੱਤਿਆ।

1978 ਮਾਂਟਰੀਅਲ ਓਲੰਪਿਕ ਵਿਚ ਪਹਿਲੀ ਵਾਰ ਹਾਕੀ ਘਾਹ ਦੀ ਬਜਾਏ ਐਸਟ੍ਰੋਟਰਫ ਉੱਤੇ ਖੇਡੀ ਗਈ ਸੀ। ਇੱਥੋਂ ਹਾਕੀ ਵਿਚ ਯੂਰਪੀ ਦੇਸ਼ਾਂ ਦੀ ਚੜ੍ਹਤ ਸ਼ੁਰੂ ਹੋਈ। ਭਾਰਤ ਨੇ 1980 ਵਿਚ ਓਲੰਪਿਕ ਵਿਚ ਆਖਰੀ ਸੋਨ ਤਗਮਾ ਜਿੱਤਿਆ ਸੀ ਪਰ ਉਸ ਤੋਂ ਬਾਅਦ ਹਾਕੀ ਟੀਮ ਦਾ ਪ੍ਰਦਰਸ਼ਨ ਖਰਾਬ ਤੋਂ ਬਦਤਰ ਹੁੰਦਾ ਗਿਆ। ਭਾਰਤੀ ਹਾਕੀ ਲਈ ਸਭ ਤੋਂ ਮਾੜਾ ਪ ਉਦੋਂ ਆਇਆ ਜਦੋਂ ਅਸੀਂ 2008 ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੇ। ਇਸ ਤੋਂ ਬਾਅਦ ਟੀਮ ਕਦੇ ਵੀ ਕੁਆਰਟਰ ਫਾਈਨਲ ਤੋਂ ਅੱਗੇ ਨਹੀਂ ਵਧ ਸਕੀ। 2018 ਵਿਚ, ਹਾਕੀ ਇੰਡੀਆ ਨੇ ਖੇਡ ਨੂੰ ਮੁੜ ਸੁਰਜੀਤ ਕਰਨ ਲਈ ਓਡੀਸ਼ਾ ਸਰਕਾਰ ਨਾਲ ਇਕ ਸਮਝੌਤੇ 'ਤੇ ਹਸਤਾਖਰ ਕੀਤੇ ਅਤੇ ਭਾਰਤ ਵਿਚ ਹਾਕੀ ਦਾ ਚਿਹਰਾ ਬਦਲਣ ਲੱਗਾ। ਸਾਨੂੰ 2021 ਵਿਚ ਨਤੀਜਾ ਮਿਲਿਆ ਜਦੋਂ ਭਾਰਤ ਨੇ ਟੋਕੀਓ ਵਿਚ ਕਾਂਸੀ ਦਾ ਤਗਮਾ ਜਿੱਤ ਕੇ 41 ਸਾਲਾਂ ਬਾਅਦ ਓਲੰਪਿਕ ਤਗਮਾ ਜਿੱਤਿਆ। ਹੁਣ ਪੈਰਿਸ ਵਿਚ ਭਾਰਤੀ ਟੀਮ ਨੇ ਸਪੇਨ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਜਿੱਥੇ ਟੋਕੀਓ ਵਿਚ ਭਾਰਤੀ ਹਾਕੀ ਦੀ ਮੁੜ ਸ਼ੁਰੂਆਤ ਹੋਈਸੀ, ਉੱਥੇ ਪੈਰਿਸ ਵਿੱਚ ਵਿਸ਼ਵ ਹਾਕੀ ਵਿਚ ਭਾਰਤ ਦਾ ਖਤਰਾ ਨਜ਼ਰ ਆ ਰਿਹਾ ਸੀ। ਲਗਾਤਾਰ ਦੋ ਓਲੰਪਿਕ ਖੇਡਾਂ ਵਿਚ ਤਗਮੇ ਜਿੱਤ ਕੇ ਟੀਮ ਨੇ ਦਿਖਾ ਦਿੱਤਾ ਹੈ ਕਿ ਹੁਣ ਹਾਕੀ ਵਿਚ ਉਸ ਦੀ ਮੌਜੂਦਗੀ ਨੂੰ ਆਸਾਨੀ ਨਾਲ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੈਰਿਸ ਵਿਚ ਭਾਰਤ ਨੇ ਜਿਸ ਤਰ੍ਹਾਂ ਦਾ ਖੇਡ ਦਿਖਾਇਆ ਉਹ ਸ਼ਾਨਦਾਰ ਸੀ। ਗਰੁੱਪ ਗੇੜ ਵਿਚ ਉਨ੍ਹਾਂ ਨੇ ਪਹਿਲੇ ਮੈਚ ਵਿਚ ਨਿਊਜ਼ੀਲੈਂਡ ਨੂੰ ਹਰਾਇਆ ਅਤੇ ਦੂਜੇ ਮੈਚ ਵਿਚ ਅਰਜਨਟੀਨਾ ਨਾਲ 1-1 ਨਾਲ ਡਰਾਅ ਖੇਡਿਆ। ਭਾਰਤ ਨੇ ਤੀਜੇ ਮੈਚ ਵਿਚ ਆਇਰਲੈਂਡ ਨੂੰ ਹਰਾਇਆ। ਤਿੰਨ ਮੈਚਾਂ ਵਿਚ ਅਜੇਤੂ ਰਹੀ ਭਾਰਤੀ ਟੀਮ ਨੂੰ ਬੈਲਜੀਅਮ ਤੋਂ ਪਹਿਲੀ ਹਾਰ ਮਿਲੀ ਸੀ ਪਰ ਇਸ ਮੈਚ ਵਿਚ ਉਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਭਾਰਤ ਨੇ ਆਪਣੇ ਆਖਰੀ ਗਰੁੱਪ ਮੈਚ ਆਸਟਰੇਲੀਆ ਨੂੰ ਹਰਾਇਆ ਸੀ। ਓਲੰਪਿਕ ਵਿਚ 52 ਸਾਲਾਂ 'ਚ ਆਸਟ੍ਰੇਲੀਆ 'ਤੇ ਇਹ ਪਹਿਲੀ ਜਿੱਤ ਸੀ। ਭਾਰਤੀ ਟੀਮ ਗਰੁੱਪ ਬੀ ਵਿਚ ਦੂਜੇ ਸਥਾਨ 'ਤੇ ਰਹਿ ਕੇ ਕੁਆਰਟਰ ਫਾਈਨਲ ਵਿਚ ਪੁੱਜੀ ਅਤੇ ਪੈਨਲਟੀ ਸ਼ੂਟਆਊਟ ਵਿਚ ਗ੍ਰੇਟ ਬ੍ਰਿਟੇਨ ਨੂੰ 4-2 ਨਾਲ ਹਰਾਇਆ।



# PUNJABI JOURNAL

SW MEDIA GROUP

Volume: 17, Issue: 32 || Ph: 604-507-8009, FAX:1-855-796-3342 || Friday, Aug 09, 2024


## ਨਿੱਝਰ ਕਤਲਕਾਂਡ ਕੇਸ ’ਚ ਗ੍ਰਿਫ਼ਤਾਰ 4 ਭਾਰਤੀ ਕੈਨੇਡੀਅਨ ਅਦਾਲਤ ’ਚ ਪੇਸ਼

### ਅਗਲੀ ਸੁਣਵਾਈ 1 ਅਕਤੂਬਰ ਨੂੰ



**ਸਰੀ:** ਖਾਲਿਸਤਾਨ ਪੱਖੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ’ਚ ਗ੍ਰਿਫ਼ਤਾਰ ਕੀਤੇ ਗਏ ਚਾਰ ਭਾਰਤੀ ਨਾਗਰਿਕ ਬੁੱਧਵਾਰ ਨੂੰ ਬ੍ਰਿਟਿਸ਼ ਕੋਲੰਬੀਆ ਦੀ ਇਕ ਅਦਾਲਤ ’ਚ ਪੇਸ਼ ਹੋਏ। ਇਸ ਤੋਂ ਬਾਅਦ ਮਾਮਲੇ ਦੀ ਸੁਣਵਾਈ 1 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਗਈ। ਚਾਰੇ ਨੌਜਵਾਨਾਂ ਦੀ ਵਰਚੁਅਲ ਪੇਸ਼ੀ ਹੋਈ। ਇਨ੍ਹਾਂ ਵਿੱਚ 22 ਸਾਲਾ ਕਰਨ ਬਰਾੜ, 22 ਸਾਲਾ ਕਮਲਪ੍ਰੀਤ ਸਿੰਘ ਅਤੇ 28 ਸਾਲਾ ਕਰਨਪ੍ਰੀਤ ਸਿੰਘ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਓਂਟਾਰੀਓ ਤੋਂ ਅਮਨਦੀਪ ਸਿੰਘ ਦੀ ਵੀ ਪੇਸ਼ੀ ਹੋਈ। ਸਰੀ ਨਾਓ ਲੀਡਰ ਅਨੁਸਾਰ ਕ੍ਰਾਊਨ ਪ੍ਰੌਸੀਕਿਊਟਰ ਲੇਵਿਸ ਕੇਨਵਰਥੀ ਨੇ ਸਰੀ ਪ੍ਰੋਵਿੰਸ਼ੀਅਲ ਕੋਰਟ ਦੇ ਜੱਜ ਮਾਰਕ ਜੇਟ ਨੂੰ ਦੱਸਿਆ ਕਿ ਬਚਾਅ ਪੱਖ ਦੀ ਪ੍ਰਕਿਰਿਆ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਦੱਸ ਦੇਈਏ ਕਿ ਅਮਨਦੀਪ ਸਿੰਘ ਪਹਿਲੀ ਵਾਰ 15 ਮਈ ਨੂੰ ਅਦਾਲਤ ਵਿੱਚ ਪੇਸ਼ ਹੋਏ ਸਨ। ਬਾਕੀ ਤਿੰਨ 7 ਮਈ ਨੂੰ ਜੱਜ ਦੇ ਸਾਹਮਣੇ ਪੇਸ਼ ਹੋਏ। 21 ਮਈ ਨੂੰ ਚਾਰੋਂ ਪਹਿਲੀ ਵਾਰ ਅਦਾਲਤ ਵਿੱਚ ਇਕੱਠੇ ਪੇਸ਼ ਹੋਏ। ਚਾਰਾਂ ’ਤੇ ਫਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ।

ਨਿੱਝਰ ਮਾਮਲੇ ਵਿੱਚ ਜਦੋਂ ਅਮਨਦੀਪ ਸਿੰਘ ਦਾ ਨਾਮ ਆਇਆ ਤਾਂ ਉਹ ਪਹਿਲਾਂ ਹੀ ਪੀਲ ਰੀਜਨਲ ਪੁਲਸ ਜਾਂ ਪੀ.ਆਰ.ਪੀ ਦੀ ਹਿਰਾਸਤ ਵਿੱਚ ਸੀ। ਉਸ ਨੂੰ ਨਵੰਬਰ 2023 ਵਿੱਚ ਨੌਂ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਕੀਆਂ ਨੂੰ 3 ਮਈ ਨੂੰ ਐਡਮਿੰਟਨ ਅਤੇ ਉਸ ਦੇ ਆਸ-ਪਾਸ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਮੁਕੱਦਮੇ ਲਈ ਬੀ ਸੀ ਲਿਆਂਦਾ ਗਿਆ ਸੀ। ਕੈਨੇਡੀਅਨ ਜਾਂਚਕਰਤਾਵਾਂ ਨੇ ਅਜੇ ਤੱਕ ਇਸ ਕਤਲ ਦੇ ਸਬੰਧ ਵਿੱਚ ਭਾਰਤ ਸਰਕਾਰ ਨਾਲ ਕਿਸੇ ਵੀ ਸਬੰਧ ਦਾ ਅਧਿਕਾਰਤ ਤੌਰ ’ਤੇ ਐਲਾਨ ਨਹੀਂ ਕੀਤਾ ਹੈ। ਹਾਲਾਂਕਿ 3 ਮਈ ਨੂੰ, ਪ੍ਰਸ਼ਾਂਤ ਵਿੱਚ ਸੰਘੀ ਪੁਲਿਸਿੰਗ ਪ੍ਰੋਗਰਾਮ ਦੇ ਕਮਾਂਡਰ, ਸਹਾਇਕ ਕਮਿਸ਼ਨਰ ਡੇਵਿਡ ਟੇਬਲ ਨੇ ਕਿਹਾ ਕਿ “ਭਾਰਤ ਸਰਕਾਰ ਨਾਲ ਸਬੰਧ ਸਮੇਤ ਕਈ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ।”

ਦੱਸ ਦੇਈਏ ਕਿ 18 ਜੂਨ ਨੂੰ ਸਰੀ ਵਿੱਚ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ-ਕੈਨੇਡਾ ਦੇ ਸਬੰਧਾਂ ਵਿੱਚ ਖਟਾਸ ਆ ਗਈ ਸੀ। ਘਟਨਾ ਦੇ ਤਿੰਨ ਮਹੀਨੇ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨਜ਼ ਵਿੱਚ ਬਿਆਨ ਦਿੱਤਾ ਕਿ ਭਾਰਤੀ ਏਜੰਟਾਂ ਅਤੇ ਕਤਲ ਵਿਚਕਾਰ ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ ਹਨ। ਭਾਰਤ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਦੋਸ਼ ਬੇਬੁਨਿਆਦ ਹਨ।

## ਦੋ ਮਹੀਨੇ ਪਹਿਲਾਂ ਸਰੀ ਗਏ ਨੌਜਵਾਨ ਦੀ ਸ਼ੱਕੀ ਹਾਲਾਤ ’ਚ ਮੌਤ



**ਬੰਗਾ:** ਬਹਿਰਾਮ ਨਜ਼ਦੀਕ ਪੈਂਦੇ ਪਿੰਡ ਕੱਟਾ ਦੇ ਦੋ ਮਹੀਨੇ ਪਹਿਲਾਂ ਕੈਨੇਡਾ ਗਏ ਨੌਜਵਾਨ ਮਨਜੋਤ ਸਿੰਘ (25) ਦੀ ਸ਼ੱਕੀ ਹਾਲਾਤ ਵਿਚ ਮੌਤ ਹੋਣ ਦਾ ਸਮਾਚਾਰ ਹੈ। ਮਨਜੋਤ ਦੀ ਮ੍ਰਿਤਕ ਦੇਹ ਇਕ ਪਾਰਕ ਦੇ ਕੋਲ ਮਿਲੀ ਅਤੇ ਸ਼ੱਕ ਹੈ ਕਿ ਉਸਨੂੰ ਕਿਸੇ ਵਾਹਨ ਨੇ ਟੱਕਰ ਮਾਰੀ ਹੋਵੇਗੀ। ਕੈਨੇਡੀਅਨ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਪਿੰਡ ਦੇ ਰਹਿਣ ਵਾਲੇ ਨੌਜਵਾਨ ਗੁਰਤੀਰਥ ਸਿੰਘ ਨੇ ਦੱਸਿਆ ਕਿ ਮਨਜੋਤ ਸਿੰਘ ਦੀਆਂ ਤਿੰਨ ਭੈਣਾਂ ਤੇ ਇਕ ਛੋਟਾ ਭਰਾ ਹੈ ਅਤੇ ਮਨਜੋਤ ਕਰੀਬ ਦੋ ਮਹੀਨੇ ਪਹਿਲਾਂ ਵਰਕ ਪਰਮਿਟ ’ਤੇ ਕੈਨੇਡਾ ਦੇ ਸਰੀ ਸ਼ਹਿਰ ਗਿਆ ਸੀ। ਉਸਦੀ ਇਕ ਭੈਣ ਕੈਨੇਡਾ ਦੇ ਟਰਾਂਟੋ ਵਿਚ ਰਹਿੰਦੀ ਹੈ ਅਤੇ ਉਸਦਾ ਛੋਟਾ ਭਰਾ ਪਿੰਡ ’ਚ ਆਪਣੇ ਪਿਤਾ ਨਾਲ ਖੇਤੀਬਾੜੀ ਦਾ ਕੰਮ ਸੰਭਾਲਦਾ ਹੈ। ਪਰਿਵਾਰ ਮੁਤਾਬਿਕ ਉਨ੍ਹਾਂ ਦੀ ਲੜਕੀ ਨੇ ਕੈਨੇਡਾ ਤੋਂ ਉਨ੍ਹਾਂ ਨੂੰ ਦੱਸਿਆ ਕਿ ਮਨਜੋਤ ਘਰ ਦੇ ਬਾਹਰ ਪਾਰਕ ’ਚ ਸੈਰ ਕਰਨ ਲਈ ਗਿਆ ਸੀ। ਜਦੋਂ ਉਹ ਘਰ ਵਾਪਸ ਨਹੀਂ ਆਇਆ ਤਾਂ ਉਨ੍ਹਾਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਕੈਨੇਡਾ ਪੁਲਸ ਨੂੰ ਸੂਚਨਾ ਦਿੱਤੀ।

ਕੁਝ ਸਮੇਂ ਬਾਅਦ ਕੈਨੇਡੀਅਨ ਪੁਲਸ ਨੂੰ ਪਾਰਕ ਨੇੜੇ ਇਕ ਲਾਸ਼ ਮਿਲੀ, ਜਦੋਂ ਉਨ੍ਹਾਂ ਨੇ ਸ਼ਨਾਖਤ ਲਈ ਉਸਦੀ ਭੈਣ ਨੂੰ ਬੁਲਾਇਆ ਤਾਂ ਮ੍ਰਿਤਕ ਨੌਜਵਾਨ ਉਸਦਾ ਭਰਾ ਮਨਜੋਤ ਨਿਕਲਿਆ। ਮੌਤ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ, ਜਦਕਿ ਕੈਨੇਡਾ ਦੀ ਪੁਲਸ ਮੌਤ ਦੇ ਅਸਲ ਕਾਰਨਾਂ ਨੂੰ ਲੱਭਣ ਲਈ ਅਗਲੇਰੀ ਕਾਰਵਾਈ ਵਿਚ ਜੁਟੀ ਹੋਈ ਹੈ।

## ਬਜਰੰਗ, ਵਿਜੇਂਦਰ ਤੇ ਸਾਕਸ਼ੀ ਨੇ ਵਿਨੇਸ਼ ਨਾਲ ਸਾਜਿਸ਼ ਹੋਣ ਦੇ ਲਾਏ ਦੋਸ਼



**ਜਲੰਧਰ:** ਪੈਰਿਸ ਉਲੰਪਿਕ ਦੇ ਕੁਸ਼ਤੀ ਮੁਕਾਬਲੇ ਵਿਚੋਂ ਪਹਿਲਵਾਨ ਵਿਨੇਸ਼ ਫੋਗਾਟ ਨੂੰ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਸੰਨਿਆਸ ਲੈਣ ਦੇ ਫੈਸਲੇ ’ਤੇ ਪੂਰੇ ਦੇਸ਼ ਨੇ ਵਿਨੇਸ਼ ਦਾ ਸਮਰਥਨ ਕੀਤਾ ਹੈ। ਟੋਕੀਓ ਉਲੰਪਿਕ ’ਚੋਂ ਕਾਂਸੀ ਦਾ ਤਗਮਾ ਜੇਤੂ ਪਹਿਲਵਾਨ ਬਜਰੰਗ ਪੂਨੀਆ ਨੇ ਕਿਹਾ ਵਿਨੇਸ਼ ਹਾਰੀ ਨਹੀ, ਬਲਕਿ ਉਸ ਨੂੰ ਹਰਾਇਆ ਗਿਆ ਹੈ ਤੇ ਵਿਨੇਸ਼ ਸਾਡੇ ਲਈ ਹਮੇਸ਼ਾ ਜੇਤੂ ਹੈ ਅਤੇ ਪੂਰਾ ਭਾਰਤ ਉਸ ਨਾਲ ਖੜ੍ਹਾ ਹੈ। ਉਲੰਪੀਅਨ ਸਾਕਸ਼ੀ ਮਲਿਕ ਨੇ ਕਿਹਾ ਕਿ ਇਹ ਸਾਡੇ ਦੇਸ਼ ਦੀ ਬੇਟੀ ਦੀ ਹਾਰ ਹੈ ਅਤੇ ਜਿਸ ਲਈ ਉਸ ਨੇ ਲੜਾਈ ਲੜੀ ਹੈ, ਇਹ ਪੂਰੇ ਦੇਸ਼ ਦੀ ਹਾਰ ਹੈ ਤੇ ਦੇਸ਼ ਵਿਨੇਸ਼ ਦੇ ਨਾਲ ਹੈ। ਇਕ ਅਥਲੀਟ ਵਜੋਂ ਤੁਹਾਡੇ ਜਜ਼ਬੇ ਤੇ ਜਨੂੰਨ ਨੂੰ ਸਲਾਮ ਕਰਦੀ ਹਾਂ। ਦਰੋਣਾਚਾਰੀਆ ਐਵਾਰਡੀ ਕੋਚ ਮਹਾਂਬੀਰ ਸਿੰਘ ਫੋਗਾਟ ਨੇ ਕਿਹਾ ਕਿ ਵਿਨੇਸ਼ ਨੇ ਸੰਨਿਆਸ ਦਾ ਫੈਸਲਾ ਬਹੁਤ ਜਲਦੀ ’ਚ ਕੀਤਾ ਹੈ ਤੇ ਮੈਂ ਉਸ ਨੂੰ 2028 ਦੀ ਉਲੰਪਿਕ ਦਾ ਨਿਸ਼ਾਨਾ ਲੈ ਕੇ ਪ੍ਰੇਰਿਤ ਕਰਨ ਦਾ ਯਤਨ ਕਰਾਂਗਾ।

ਇਹ ਸੱਚ ਹੈ ਕਿ ਲੋਕ ਹਿੰਮਤ ਹਾਰ ਜਾਂਦੇ ਹਨ ਤੇ ਜਦੋਂ ਉਹ ਦੇਸ਼ ਵਾਪਸ ਆਏਗੀ, ਮੈਂ ਤੇ ਬਜਰੰਗ ਪੂਨੀਆ ਸਾਰੇ ਬੈਠ ਕੇ ਫੈਸਲਾ ਕਰਾਂਗੇ ਕਿ ਉਹ ਜਲਦਬਾਜ਼ੀ ’ਚ ਐਸਾ ਫੈਸਲਾ ਨਾ ਕਰੇ। ਰਾਸ਼ਟਰਮੰਡਲ ਖੇਡਾਂ ਦੀ ਸੋਨ ਤਗਮਾ ਜੇਤੂ ਵਿਨੇਸ਼ ਦੀ ਭੈਣ ਗੀਤਾ ਫੋਗਾਟ ਨੇ ਕਿਹਾ ਵਿਨੇਸ਼ ਨੇ ਜੋ ਦੇਸ਼ ਲਈ ਕੀਤਾ ਉਸ ਦੇ ਲਈ ਸਾਰੇ ਰਿਣੀ ਰਹਾਂਗੇ ਤੇ ਉਸ ਦੇ ਜਜ਼ਬੇ ਤੇ ਜਨੂੰਨ ਨੂੰ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ।

ਵਿਨੇਸ਼ ਦੇ ਕੁਸ਼ਤੀ ਨੂੰ ਅਲਵਿਦਾ ਕਹਿਣ ’ਤੇ ਪੂਰੇ ਦੇਸ਼ ਨੂੰ ਦੁੱਖ ਹੋਇਆ ਹੈ। ਦਿਗਜ ਮੁੱਕੇਬਾਜ਼ ਵਿਜੇਂਦਰ ਸਿੰਘ ਨੇ ਦੋਸ਼ ਲਗਾਇਆ ਕਿ ਪਹਿਲਵਾਨ ਵਿਨੇਸ਼ ਨੂੰ ਅਯੋਗ ਕਰਾਰ ਦਿੱਤੇ ਜਾਣਾ ਇਕ ਸਾਜਿਸ਼ ਵੀ ਹੋ ਸਕਦੀ ਹੈ, ਕਿਉਂਕੀ ਅਜਿਹੇ ਸੀਨੀਅਰ ਖਿਡਾਰੀ ਨੂੰ ਭਾਰ ਘਟਾਉਣ ਦੀ ਤਕਨੀਕ ਚੰਗੀ ਤਰ੍ਹਾਂ ਆਉਂਦੀ ਹੈ ਤੇ ਖਿਡਾਰੀ ਇਕ ਰਾਤ ’ਚ 5 ਤੋਂ 6 ਕਿੱਲੋ ਭਾਰ ਘਟਾ ਸਕਦੇ ਹਨ, ਖਿਡਾਰੀ ਨੂੰ ਪਤਾ ਹੁੰਦਾ ਹੈ ਕਿ ਭੁੱਖ ਤੇ ਪਿਆਸ ’ਤੇ ਕਿਵੇਂ ਕਾਬੂ ਪਾਉਣਾ ਹੈ।

## ‘ਜੀਵੇ ਪੰਜਾਬ ਅਦਬੀ ਸੰਗਤ ਫਾਊਂਡੇਸ਼ਨ’ ਵੱਲੋਂ ਸਰੀ ਵਿਚ ਵਿਸ਼ਵ ਪੰਜਾਬੀ ਸੈਮੀਨਾਰ ਕਰਵਾਇਆ



### ਡਾ. ਪਿਆਰੇ ਲਾਲ ਗਰਗ ਵਿਸ਼ੇਸ਼ ਤੌਰ ’ਤੇ ਹੋਏ ਸ਼ਾਮਲ


**ਸਰੀ:** ਜੀਵੇ ਪੰਜਾਬ ਅਦਬੀ ਸੰਗਤ ਫਾਊਂਡੇਸ਼ਨ’ ਸਰੀ ਵੱਲੋਂ ਸਰੀ ਵਿਚ ਵਿਸ਼ਵ ਪੰਜਾਬੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ‘ਪੰਜਾਬ ਦੀ ਦਸ਼ਾ ਤੇ ਦਿਸ਼ਾ’ ਉੱਪਰ ਭਾਰਤ, ਪਾਕਿਸਤਾਨ, ਇੰਗਲੈਂਡ ਅਤੇ ਕੈਨੇਡਾ ਦੇ ਵਿਦਵਾਨਾਂ ਨੇ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਅਤੇ ‘ਪੰਜਾਬੀ ਦਰਸ਼ਨ’ ਵਿਸ਼ੇ ਦੀ ਅਹਿਮੀਅਤ ਨੂੰ ਵਿਚਾਰਿਆ।

ਭੁਪਿੰਦਰ ਸਿੰਘ ਮੱਲ੍ਹੀ ਅਤੇ ਸੁੱਚਾ ਸਿੰਘ ਦੀਪਕ ਦੀ ਅਗਵਾਈ ਵਿੱਚ ਇਹ ਵਿਸ਼ਵ ਪੰਜਾਬੀ ਸੈਮੀਨਾਰ, ਸਾਥੀ ਹਰਦਿਆਲ ਸਿੰਘ ਬੈਂਸ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਕਰਨੈਲ ਸਿੰਘ ਥਿੰਦ, ਪ੍ਰੋਫੈਸਰ ਪ੍ਰੀਤਮ ਸਿੰਘ, ਕਵੀ ਹਰਭਜਨ ਸਿੰਘ ਬੈਂਸ, ਮੋਹਤਰਮਾ ਸਮੀਨਾ ਹੁਸੈਨ ਸਈਅਦ ਅਤੇ ਚਾਰਲਸ ਬੋਇਲਨ ਸਮੇਤ ਮਹਾਨ ਸ਼ਖ਼ਸੀਅਤਾਂ ਨੂੰ ਸਮਰਪਿਤ ਕੀਤਾ ਗਿਆ।

ਸੈਮੀਨਰ ਵਿਚ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕੁਝ ਅਹਿਮ ਅਤੇ ਮਹੱਤਵਪੂਰਨ ਮਤੇ ਪੜ੍ਹੇ, ਜਿਨ੍ਹਾਂ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਨ੍ਹਾਂ ਮਤਿਆਂ ਰਾਹੀਂ ਭਾਰਤ ਅਤੇ ਪਾਕਿਸਤਾਨ ਦੇ ਪੰਜਾਬਾਂ ਵਿਚਕਾਰ ਕਿਸੇ ਵੀ ਤਰ੍ਹਾਂ ਦੀ ਜੰਗ ਖਿਲਾਫ ਸਖਤ ਸ਼ਬਦਾਂ ਵਿੱਚ ਵਿਰੋਧ ਪ੍ਰਗਟਾਉਣ, ਪੰਜਾਬੀਆਂ ਨੂੰ ਭੂਗੋਲਿਕ ਟੁਕੜਿਆਂ ’ਚ ਵੰਡਣ ਦੀ ਥਾਂ ‘ਇੱਕੋ ਪੰਜਾਬ’ ਦੇ ਰੂਪ ਵਿੱਚ ਸਵਿਕਾਰ ਕਰਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਸਮੇਤ ਸਮੂਹ ਪੰਜਾਬੀ ਸੰਸਥਾਵਾਂ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ, ਕੈਨੇਡਾ ਦੇ ਮੂਲ ਨਿਵਾਸੀਆਂ ’ਤੇ ਗਸਟ ਆਫਸਨ ਲੇਕ ’ਤੇ ਹੋਏ ਤਸ਼ੱਦਦ ਅਤੇ ਰੈਜੀਡੈਂਸ਼ੀਅਲ ਸਕੂਲਾਂ ਰਾਹੀਂ ਹੋਈ ਨਸਲਕੁਸ਼ੀ ਨੂੰ ਨਾ ਮਾਫ ਕਰਨਯੋਗ ਅਪਰਾਧ ਕਰਾਰ ਦੇਣ, ਪੰਜਾਬ ਦੀ ਧਰਤੀ ’ਤੇ ਦਰਬਾਰ ਸਾਹਿਬ ’ਤੇ ਭਾਰਤੀ ਹਮਲੇ ਸਮੇਤ ਪੰਜਾਬ ਅਤੇ ਪੰਜਾਬੀਆਂ ’ਤੇ ਹੋਏ ਹਰ ਤਰ੍ਹਾਂ ਦੇ ਜਬਰ ਨੂੰ ਨਾ ਭੁੱਲਣਯੋਗ ਤੇ ਨਾ ਬਖ਼ਸ਼ਣਯੋਗ ਗੁਨਾਹ ਕਰਾਰ ਦੇਣ, ਪੰਜਾਬ ਦੀਆਂ ਸਮੱਸਿਆਵਾਂ ਲਈ ਲੋਕਾਂ ਨੂੰ ਕਸੂਰਵਾਰ ਠਹਿਰਾਉਣ ਦੀ ਥਾਂ, ਸਰਕਾਰੀ ਧੱਕੇਸ਼ਾਹੀ ਨੂੰ ਜ਼ਿੰਮੇਵਾਰ ਠਹਿਰਾਉਣ, ਪੰਜਾਬੀ ਸੈਮੀਨਾਰ ਦੌਰਾਨ ਆਈਆਂ ਵੀਜ਼ੇ ਦੀਆਂ ਸਮੱਸਿਆਵਾਂ ’ਤੇ ਚਿੰਤਾ ਪ੍ਰਗਟਾਉਂਦਿਆਂ ਕੈਨੇਡਾ ਸਰਕਾਰ ਨੂੰ ਭਵਿੱਖ ਵਿੱਚ ਇਹਨਾਂ ਦੇ ਹੱਲ ਲੱਭਣ, ਪੰਜਾਬੀ ਸਾਹਿਤ ’ਤੇ ਕਾਬਜ਼ ਮਾਫੀਆ ਦੁਆਰਾ ਸਰਕਾਰੀ ਫੰਡਾਂ ਅਤੇ ਇਨਾਮਾਂ ਦੇ ਭ੍ਰਿਸ਼ਟਾਚਾਰੀ ਚਾਲਾਂ ਚੱਲਣ ਦਾ ਵਿਰੋਧ ਕਰਨ, ਪੰਜਾਬੀ ਬੋਲੀ ਲਈ ਹਾਅ ਦਾ ਨਾਅਰਾ ਮਾਰਨ ਵਾਲੀਆਂ ਕੁੱਲ ਪੰਜਾਬੀ ਸੰਸਥਾਵਾਂ ਅਤੇ ਨਿਧੜਕ ਵਿਦਵਾਨਾਂ ਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਨ ਅਤੇ ਦੁਨੀਆ ਭਰ ਦੇ ਪੰਜਾਬੀਆਂ ਨੂੰ ਚਿੰਤਨ ਅਤੇ ਨਾਬਰੀ ਦਾ ਚਰਿਤਰ ਕਾਇਮ ਰੱਖਦੇ ਹੋਏ, ਸਾਰੀਆਂ ਸਮੱਸਿਆਵਾਂ ਨੂੰ ਇੱਕ-ਮੁੱਠ ਹੋ ਕੇ ਹੱਲ ਕਰਨ ਦੀ ‘ਪੰਜਾਬੀ ਦਰਸ਼ਨ’ ਦੀ ਉੱਚੀ-ਸੁੱਚੀ ਵਿਚਾਰਧਾਰਾ ਨੂੰ ਪ੍ਰਵਾਨਗੀ ਦਿੱਤੀ ਗਈ।

ਸੈਮੀਨਾਰ ਵਿੱਚ ਭਾਰਤ ਤੋਂ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਡਾ. ਪਿਆਰੇ ਲਾਲ ਗਰਗ ਨੇ ‘ਪੰਜਾਬੀ ਦਰਸ਼ਨ’ ਵਿਸ਼ੇ ਉਪਰ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪ੍ਰੋਫੈਸਰ ਡਾ. ਆਸਮਾ ਕਾਦਰੀ, ਨਾਮਵਰ ਇਤਿਹਾਸਕਾਰ ਡਾ. ਗੁਰਦੇਵ ਸਿੰਘ ਸਿੱਧੂ, ਡਾ. ਬਾਵਾ ਸਿੰਘ, ਐਡਵੋਕੇਟ ਮਿੱਤਰ ਸੈਨ ਮੀਤ, ਡਾ. ਸੁੱਚਾ ਸਿੰਘ ਗਿੱਲ, ਡਾ. ਗੁਰਵਿੰਦਰ ਸਿੰਘ ਤੇ ਨੁਜ਼ਹਤ ਅੱਬਾਸ ਵੱਖ ਵੱਖ ਵਿਸ਼ਿਆਂ ’ਤੇ ਆਪਣੇ ਵਿਚਾਰ ਰੱਖੇ। ਹਾਲ ਵਿਚ ਵੱਡੀ ਗਿਣਤੀ ਵਿਚ ਮੌਜੂਦ ਸਰੋਤਿਆਂ ਨੇ ਸਾਰੇ ਬੁਲਾਰਿਆਂ ਨੂੰ ਬੜੀ ਦਿਲਚਸਪੀ ਅਤੇ ਠਰੰਮੇ ਨਾਲ ਸੁਣਿਆ।

# ਤਿੰਨ ਕੈਨੇਡੀਅਨ ਸੰਸਥਾਵਾਂ ਵੱਲੋਂ ਡਾ. ਲਖਬੀਰ ਸਿੰਘ ਨਾਮਧਾਰੀ ਦਾ ਸਨਮਾਨ



**ਸਰੀ**: ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ, ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟਡੀਜ਼ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪੰਜਾਬ ਤੋਂ ਆਏ ਪੰਜਾਬੀ ਲੇਖਕ ਡਾਕਟਰ ਲਖਬੀਰ ਸਿੰਘ ਨਾਮਧਾਰੀ ਦੇ ਮਾਣ ਵਿਚ ਇਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਗਿਆ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਰੀ ਵਿਖੇ ਇੱਕ ਸੰਖੇਪ ਪ੍ਰੋਗਰਾਮ ਵਿੱਚ ਉਹਨਾਂ ਬਾਰੇ ਜਾਣ ਪਛਾਣ ਕਰਵਾਉਂਦਿਆਂ ਪ੍ਰਸਿੱਧ ਪੰਜਾਬੀ ਚਿੰਤਕ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਡਾਕਟਰ ਲਖਬੀਰ ਸਿੰਘ ਨਾਮਧਾਰੀ ਦਾ ਸਾਹਿਤਿਕ ਗਤੀਵਿਧੀਆਂ ਵਿੱਚ ਵਡਮੁੱਲਾ ਕਾਰਜ ਹੈ। ਇਹਨਾਂ ਦੀਆਂ ਦੋ ਪੁਸਤਕਾਂ 'ਚੱਲ ਮਾਲਵਾ ਦੇਸ਼ ਨੂੰ ਚੱਲੀਏ' ਅਤੇ 'ਜਿੱਥੇ ਕਿੱਕਰਾਂ ਨੂੰ ਅੰਬ ਲੱਗਦੇ' ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਤੀਜੀ ਪੁਸਤਕ 'ਮਾਲਵੇ ਦੇ ਪੁਰਾਤਨ ਰੁੱਖ' ਛਪਾਈ ਅਧੀਨ ਹੈ। ਇਹਨਾਂ ਨੇ ਨਾਮਧਾਰੀ ਸ਼ਹੀਦਾਂ, ਸਾਕੇ, ਘੱਲੂਘਾਰੇ, ਵਿਰਸੇ ਅਤੇ ਵਿਰਾਸਤ ਹਿਤ ਚੋਖਾ ਕਾਰਜ ਕੀਤਾ ਹੈ। ਡਾ. ਗੁਰਦੇਵ ਸਿੰਘ ਸਿੱਧੂ ਨੇ ਡਾਕਟਰ ਲਖਬੀਰ ਸਿੰਘ ਨਾਮਧਾਰੀ ਬਾਰੇ ਕਿਹਾ ਕਿ ਇਹ ਪੰਜਾਬ ਵਿੱਚ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਉਨ੍ਹਾਂ ਦੱਸਿਆ ਕਿ ਲਿਖਣ ਵਿੱਚ ਇਹਨਾਂ ਦਾ ਵਿਸ਼ੇਸ਼ ਖੇਤਰ ਨਾਮਧਾਰੀ ਇਤਿਹਾਸ ਹੈ। ਇਨ੍ਹਾਂ ਦੇ ਇਲਾਕੇ ਦੇ ਜਿਹੜੇ ਨਾਮਧਾਰੀ ਸ਼ਹੀਦ ਹੋਏ ਹਨ, ਜਿਨ੍ਹਾਂ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਸੀ, ਉਹਨਾਂ ਦੇ ਪਰਿਵਾਰਾਂ ਨੂੰ ਮਿਲ ਕੇ, ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਬਾਰੇ ਜਾਣਕਾਰੀ ਇਕੱਤਰ ਕਰ ਕੇ ਨਾਮਧਾਰੀ ਸੰਗਤ ਅਤੇ ਦੂਸਰੇ ਪਾਠਕਾਂ ਤੀਕ ਪਹੁੰਚਾਉਣ ਦਾ ਇਨ੍ਹਾਂ ਨੇ ਵਡੇਰਾ ਕਾਰਜ ਕੀਤਾ ਹੈ। ਖਾਸ ਕਰਕੇ ਪੁਰਾਣੇ ਰੁੱਖ ਜਿਨ੍ਹਾਂ ਨੂੰ ਅਸੀਂ ਵਿਸਾਰ ਦਿੱਤਾ ਹੈ ਉਹੀ ਪੁਰਾਣੇ ਬੋਹੜ, ਪਿੱਪਲ, ਫਲਾਈਆਂ ਨੂੰ ਮੁੜ ਕੇ ਜੀਵਿਤ ਕਰਨ ਵਿੱਚ ਇਹਨਾਂ ਨੇ ਕਾਫੀ ਮਹੱਤਵਪੂਰਨ ਕਾਰਜ ਕੀਤਾ ਹੈ।

ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਆਗੂ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਨਾਮਧਾਰੀ ਇਤਿਹਾਸ ਨੂੰ ਸੁਰਜੀਤ ਕਰਨਾ, ਭੁੱਲੇ ਵਿਸਰੇ ਸ਼ਹੀਦਾਂ ਬਾਰੇ ਜਾਣਕਾਰੀ ਲੋਕਾਂ ਤੀਕ ਪਹੁੰਚਾਉਣਾ ਅਤੇ ਪੁਰਾਣੇ ਦਰੱਖਤਾਂ ਨਾਲ ਦੀ ਨਵੇਂ ਸਿਰਿਓਂ ਨਵੀਂ ਉਮੀਦ ਜਗਾਉਣੀ, ਇਨ੍ਹਾਂ ਦੇ ਅਜਿਹੇ ਕੰਮ ਬਹੁਤ ਧੰਨਤਾ ਦੇ ਯੋਗ ਹਨ। ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਸੰਚਾਲਕ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਪਹਿਲੀ ਵਾਰੀ ਡਾਕਟਰ ਲਖਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਬਹੁਤ ਚੰਗਾ ਲੱਗਿਆ।

ਡਾਕਟਰ ਲਖਬੀਰ ਸਿੰਘ ਨਾਮਧਾਰੀ ਨੇ ਕਿਹਾ ਕਿ ਉਹ 'ਪੰਜਾਬੀ ਸੱਥ' ਨਾਲ ਜੁੜੇ ਹੋਏ ਹਨ ਅਤੇ ਮਲਵਈ ਪੰਜਾਬੀ ਸੱਥ ਦੇ ਇੰਚਾਰਜ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀ ਸੱਥ ਦੀਆਂ ਦੇਸ਼ ਅਤੇ ਵੱਖ ਵੱਖ ਦੇਸ਼ਾਂ ਵਿਚ ਕੁੱਲ 53 ਸ਼ਾਖਾਵਾਂ ਹਨ। ਆਪਣੇ ਲਿਖਣ ਕਾਰਜ ਉਨ੍ਹਾਂ ਕਿਹਾ ਕਿ ਸਮਾਜਿਕ ਸਮੱਸਿਆਵਾਂ, ਸਾਡੀਆਂ ਟੁੱਟ ਰਹੀਆਂ ਕਦਰਾਂ ਕੀਮਤਾਂ, ਮਰਦ ਔਰਤ ਦੀਆਂ ਸਮੱਸਿਆਵਾਂ, ਨਸ਼ਿਆਂ ਦੇ ਵਧ ਰਹੇ ਪ੍ਰਭਾਵ, ਪ੍ਰਦੂਸ਼ਿਤ ਹੋ ਰਹੇ ਵਾਤਾਵਰਣ, ਨਾਮਧਾਰੀ ਲਹਿਰ ਸਬੰਧੀ ਉਨ੍ਹਾਂ ਨੇ ਬਹੁਤ ਸਾਰੇ ਆਰਟੀਕਲ ਲਿਖੇ ਹਨ। ਉਨ੍ਹਾਂ ਦੀਆਂ ਪੁਸਤਕਾਂ ਵੀ ਮਾਲਵੇ ਦੇ ਇਤਿਹਾਸ ਅਤੇ ਮਾਲਵੇ ਦੇ ਸਭਿਆਚਾਰ ਬਾਰੇ ਹਨ।

ਅੰਤ ਵਿਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ-ਰਵਾਂ ਜੈਤੇਗ ਸਿੰਘ ਅਨੰਤ ਨੇ ਹਾਜ਼ਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਡਾਕਟਰ ਲਖਬੀਰ ਸਿੰਘ ਨਾਮਧਾਰੀ ਅਤੇ ਬਸੰਤ ਸਿੰਘ ਨਾਮਧਾਰੀ ਨੂੰ ਤਿੰਨਾਂ ਸੰਸਥਾਵਾਂ ਵੱਲੋਂ ਜੈਤੇਗ ਸਿੰਘ ਅਨੰਤ, ਗਿਆਨ ਸਿੰਘ ਸੰਧੂ, ਸੁਰਿੰਦਰ ਸਿੰਘ ਜੱਬਲ, ਚਰਨਜੀਤ ਸਿੰਘ ਮਰਵਾਹਾ, ਡਾ. ਗੁਰਦੇਵ ਸਿੰਘ ਸਿੱਧੂ, ਹਰਪ੍ਰੀਤ ਸਿੰਘ, ਲਖਬੀਰ ਸਿੰਘ ਖੰਗੂੜਾ, ਜਰਨੈਲ ਸਿੰਘ ਸਿੱਧੂ ਨੇ ਸਿਰੋਪਾਓ ਅਤੇ ਵਡਮੁੱਲੀਆਂ ਪੁਸਤਕਾਂ ਨਾਲ ਸਨਮਾਨਿਤ ਕੀਤਾ।

# ਮਾਨ ਤੇ ਯਾਦਵ ਨੂੰ ਝਟਕਾ ਖਰੜ ਥਾਣੇ 'ਚ ਹੋਈ ਸੀ ਲਾਰੈਂਸ ਦੀ ਇੰਟਰਵਿਊ



ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਖਰੜ ਸੀਆਈਏ ਥਾਣੇ 'ਚ ਹੋਈ ਸੀ। ਸਤੰਬਰ 2022 'ਚ ਰਿਕਾਰਡ ਕੀਤੀ ਗਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 'ਚ ਜਾਰੀ ਕੀਤੀ ਗਈ ਸੀ। ਦੂਜੀ ਇੰਟਰਵਿਊ ਰਾਜਸਥਾਨ ਦੀ ਜੇਲ੍ਹ ਚ ਹੋਈ ਸੀ। ਇਹ ਖੁਲਾਸਾ ਇਸ ਮਾਮਲੇ ਦੀ ਜਾਂਚ ਲਈ ਗਠਿਤ ਐੱਸਆਈਟੀ ਦੀ ਰਿਪੋਰਟ 'ਚ ਹੋਇਆ ਹੈ। ਇਸ ਰਿਪੋਰਟ ਨਾਲ ਪੰਜਾਬ ਸਰਕਾਰ ਦੇ ਉਸ ਦਾਅਵੇ ਦੀ ਪੋਲ ਖੁੱਲ੍ਹ ਗਈ ਹੈ ਜਿਸ 'ਚ ਕਿਹਾ ਗਿਆ ਸੀ ਕਿ ਇਹ ਇੰਟਰਵਿਊ ਪੰਜਾਬ 'ਚ ਨਹੀਂ ਹੋਈ।

ਲਾਰੈਂਸ ਬਿਸ਼ਨੋਈ ਦੀ ਜੇਲ੍ਹ 'ਚ ਕੀਤੀ ਗਈ ਇੰਟਰਵਿਊ ਦਾ ਮਾਮਲਾ ਸਾਹਮਣੇ ਆਇਆ ਸੀ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। ਬਾਅਦ 'ਚ ਹਾਈ ਕੋਰਟ ਨੇ ਇਸ ਮਾਮਲੇ ਦੀ ਜਾਂਚ ਸਪੈਸ਼ਲ ਡੀਜੀਪੀ ਹਿਊਮਨ ਰਾਈਟਸ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਐੱਸਆਈਟੀ ਨੂੰ ਸੌਂਪੀ ਸੀ।

ਐੱਸਆਈਟੀ ਨੇ ਜਾਂਚ ਸਬੰਧੀ ਸੀਲਬੰਦ ਰਿਪੋਰਟ ਹਾਈ ਕੋਰਟ 'ਚ ਪੇਸ਼ ਕੀਤੀ। ਹਾਈ ਕੋਰਟ ਨੇ ਰਿਪੋਰਟ ਦਾ ਕੁਝ ਹਿੱਸਾ ਕੋਰਟ 'ਚ ਪੜ੍ਹਿਆ। ਐੱਸਆਈਟੀ ਨੇ ਰਿਪੋਰਟ 'ਚ ਦੱਸਿਆ ਹੈ ਕਿ ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਸੀਆਈਏ ਕੰਪਲੈਕਸ ਖਰੜ 'ਚ ਹੋਈ ਸੀ। ਖ਼ਾਸ ਗੱਲ ਇਹ ਹੈ ਕਿ ਸਤੰਬਰ 2022 'ਚ ਰਿਕਾਰਡ ਹੋਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 'ਚ ਜਾਰੀ ਕੀਤੀ ਗਈ। ਦੂਜੀ ਇੰਟਰਵਿਊ ਬਾਰੇ ਦੱਸਿਆ ਗਿਆ ਕਿ ਇਹ ਰਾਜਸਥਾਨ ਦੀ ਜੇਲ੍ਹ 'ਚ ਹੋਈ ਸੀ। ਖਰੜ 'ਚ ਹੋਈ ਇੰਟਰਵਿਊ ਦੇ ਮਾਮਲੇ 'ਚ ਹਾਈ ਕੋਰਟ ਨੇ ਹੁਣ ਉਨ੍ਹਾਂ ਮੁਲਾਜ਼ਮਾਂ ਦੀ ਪਛਾਣ ਕਰ ਕੇ ਕਾਰਵਾਈ ਦਾ ਆਦੇਸ਼ ਦਿੱਤਾ ਹੈ ਜਿਨ੍ਹਾਂ ਨੇ ਇੰਟਰਵਿਊ ਕਰਾਉਣ 'ਚ ਭੂਮਿਕਾ ਨਿਭਾਈ ਸੀ। ਕੋਰਟ ਨੇ ਮਾਮਲੇ ਦੀ ਜਾਂਚ ਲਈ ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ ਨੂੰ ਐੱਸਆਈਟੀ ਦਾ ਸਹਿਯੋਗ ਕਰਨ ਦਾ ਆਦੇਸ਼ ਦਿੱਤਾ ਹੈ। ਇਸੇ ਤਰ੍ਹਾਂ ਰਾਜਸਥਾਨ 'ਚ ਹੋਈ ਇੰਟਰਵਿਊ 'ਤੇ ਹਾਈ ਕੋਰਟ ਨੇ ਕੋਰਟ ਮਿੱਤਰ ਨੂੰ ਆਦੇਸ਼ ਦਿੱਤਾ ਹੈ ਕਿ ਉਹ ਰਾਜਸਥਾਨ ਸਰਕਾਰ ਨੂੰ ਮੁੱਖ ਸਕੱਤਰ ਜ਼ਰੀਏ ਧਿਰ ਬਣਾਉਣ।




## ਰਿਸ਼ਤੇ



ਹੁੰਦੇ ਥੰਮਾਂ ਵਰਗੇ , ਭਰਾਵਾਂ ਵਾਲੇ ਰਿਸ਼ਤੇ
ਸੱਜੀਆਂ ਤੇ ਖੱਬੀਆਂ ਇਹ , ਬਾਹਾਂ ਵਾਲੇ ਰਿਸ਼ਤੇ

ਦਿੰਦੀਆਂ ਦੁਆਵਾਂ ਸਦਾ, ਕੱਖ ਵੀ ਨਾ ਲੈਂਦੀਆਂ
ਰੱਬ ਦਾ ਹੀ ਰੂਪ ਹੁੰਦੇ, ਮਾਵਾਂ ਵਾਲੇ ਰਿਸ਼ਤੇ

ਗ੍ਰਾਹਕ ਬਣਾਉਂਦੇ ਲੋਕੀਂ ਘਰਾਂ ਵਿੱਚ ਸੱਦ ਕੇ
ਮਤਲਬ ਖੋਰੇ ਹੋਣਗੇ, ਚਾਹਾਂ ਵਾਲੇ ਰਿਸ਼ਤੇ

ਬੁੱਲ੍ਹ ਜਿਹੇ ਘੁੱਟ ਦੇਣ, ਝੂਠੀਆਂ ਤਸੱਲੀਆਂ
ਕਿੱਥੇ ਗਏ ਸੱਚੀਆਂ, ਸਲਾਹਾਂ ਵਾਲੇ ਰਿਸ਼ਤੇ

ਛੇਤੀ ਟੁੱਟ ਜਾਂਦੇ ਸਦਾ, ਸ਼ੀਸ਼ਿਆਂ ਦੇ ਵਾਂਗਰਾਂ
ਦੇਹਾਂ ਦੇ ਸਵਾਦ ਨਿੱਘੇ, ਸਾਹਾਂ ਵਾਲੇ ਰਿਸ਼ਤੇ

ਯਾਰਾਂ ਦੀਆਂ ਭੈਣਾਂ ਅਤੇ ਮਾਵਾਂ ਨੂੰ ਨਾ ਛੱਡਦੇ
ਅੰਨ੍ਹੇ ਹੁੰਦੇ ਗੰਦੀਆਂ, ਨਿਗਾਹਾਂ ਵਾਲੇ ਰਿਸ਼ਤੇ

ਚੱਕਦੇ ਨੀ ਫੋਨ ਹੁਣ, ਜਿਹਨਾਂ ਪੈਸੇ ਮੋੜੇ ਨਾ
ਰਹਿਗੇ ਹੁਣ ਠੱਗੀਆਂ ਤੇ, ਦਾਵਾਂ ਵਾਲੇ ਰਿਸ਼ਤੇ

ਛੋਟੀ ਜਿਹੀ ਗੱਲ ਕਰ, ਛੋਟੇ ਬਣ ਜਾਂਦੇ ਆ
ਟਾਵੇਂ ਟਾਵੇਂ ਵੱਡਿਆਂ, ਭਰਾਵਾਂ ਵਾਲੇ ਰਿਸ਼ਤੇ

ਤੇਰੇ ਪਿੰਡ ਵਾਲੇ ਰੋੜ ਮੇਰੇ ਪੈਰਾਂ ਦੀਆਂ ਤਲੀਆਂ
ਭੁੱਲਦੇ ਨੀ ਛਾਲਿਆਂ ਤੇ, ਰਾਹਵਾਂ ਵਾਲੇ ਰਿਸ਼ਤੇ


ਲੋਕੀਂ ਪੈਸੇ ਵਾਸਤੇ ਜਮੀਰ ਵੇਚ ਦਿੰਦੇ ਆ
ਹੁੰਦੇ ਕਈ ਝੂਠਿਆਂ , ਗਵਾਹਾਂ ਵਾਲੇ ਰਿਸ਼ਤੇ

ਹੌਲੀ ਹੌਲੀ ਦਿਲਾਂ ਚੋਂ ਪਿਆਰ ਘਟੀ ਜਾਂਦੇ ਆ
ਰਹਿਗੇ ਕੁਲਵੀਰ ਹੁਣ, ਨਾਵਾਂ ਵਾਲੇ ਰਿਸ਼ਤੇ

**ਕੁਲਵੀਰ ਸਿੰਘ ਡਾਨਸੀਵਾਲ**
778 863 2472



# ਸਾਰੀਆਂ ਭੁੱਲਾਂ ਆਪਣੀ ਝੋਲੀ ਪਾਉਂਦਾ ਹਾਂ: ਸੁਖਬੀਰ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਿੱਤਾ ਗਿਆ ਸਪੱਸ਼ਟੀਕਰਨ ਅੱਜ ਜਥੇਦਾਰ ਦੇ ਸਕੱਤਰ ਵੱਲੋਂ ਜਨਤਕ ਕਰ ਦਿੱਤਾ ਗਿਆ।

ਇਸ ਸਪੱਸ਼ਟੀਕਰਨ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਉਹ ਜਾਣੇ-ਅਣਜਾਣੇ ਹੋਈਆਂ ਸਾਰੀਆਂ ਭੁੱਲਾਂ ਨੂੰ ਆਪਣੀ ਝੋਲੀ ਵਿਚ ਪਾਉਂਦੇ ਹਨ, ਭਾਵੇਂ ਉਹ ਪਰਿਵਾਰ ਜਾਂ ਪਾਰਟੀ ਕੋਲੋਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਮੂਹ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖ ਕੌਮ ਦੀ ਨੁਮਾਇੰਦਾ ਜਥੇਬੰਦੀ ਹੈ।

ਇਸ ਜਥੇਬੰਦੀ ਦੀ ਸਥਾਪਨਾ ਵੀ 14 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਹੋਈ ਸੀ ਅਤੇ ਸਥਾਪਨਾ ਤੋਂ ਲੈ ਕੇ ਅੱਜ ਤੱਕ ਇਹ ਮਹਾਨ ਜਥੇਬੰਦੀ 10 ਗੁਰੂ ਸਹਿਬਾਨ ਅਤੇ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ ਤੋਂ ਸੇਧ ਲੈ ਕੇ ਸਰਬੱਤ ਦੇ ਭਲੇ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਦਿੱਤੇ ਸਪੱਸ਼ਟੀਕਰਨ ’ਚ ਉਨ੍ਹਾਂ ਕਿਹਾ ਹੈ ਕਿ ਮੇਰੇ ਖ਼ਿਲਾਫ ਕੁਝ ਸੀਨੀਅਰ ਆਗੂਆਂ ਵੱਲੋਂ ਦਿੱਤੀ ਸ਼ਿਕਾਇਤ ਦਾ ਸਬੰਧ ਹੈ, ਉਸ ਦੇ ਸਪੱਸ਼ਟੀਕਰਨ ਤੋਂ ਪਹਿਲਾਂ ਮੈਂ ਕੁਝ ਮਹੱਤਵਪੂਰਨ ਤੱਥ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕੁਝ ਦੁਖਦਾਈ ਘਟਨਾਵਾਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਸਾਲ 2007 ਤੋਂ ਲੈ ਕੇ ਅਕਤੂਬਰ, 2015 ਤੱਕ ਵਾਪਰੀਆਂ ਸਨ।


ਇਨ੍ਹਾਂ ਹਿਰਦੇਵੇਧਕ ਘਟਨਾਵਾਂ ਨੂੰ ਲੈ ਕੇ ਉਸ ਵੇਲੇ ਦੇ ਮੁੱਖ ਮੰਤਰੀ ਸਵ. ਪ੍ਰਕਾਸ਼ ਸਿੰਘ ਬਾਦਲ ਤਤਕਾਲੀ ਜਥੇਦਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਕੋਲ 17 ਅਕਤੂਬਰ, 2015 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਨਿੱਜੀ ਤੌਰ ‘ਤੇ ਹਾਜ਼ਰ ਹੋਏ ਸਨ। ਉਨ੍ਹਾਂ ਪਸ਼ਚਾਤਾਪ ਦੀ ਭਾਵਨਾ ਨਾਲ ਆਪਣੇ ਮਨ ਦੀ ਪੀੜ੍ਹਾ ਇਕ ਲਿਖਤੀ ਪੱਤਰ ਵਿਚ ਸਿੰਘ ਸਾਹਿਬ ਨੂੰ ਪੇਸ਼ ਕੀਤੀ ਸੀ। ਇਸ ਮੌਕੇ ਸੁਖਬੀਰ ਬਾਦਲ ਵਲੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵਲੋਂ ਦਿੱਤਾ ਗਿਆ ਪਸ਼ਚਾਤਾਪ ਪੱਤਰ ਵੀ ਨਾਲ ਦਿੱਤਾ ਗਿਆ ਹੈ। ਸੁਖਬੀਰ ਨੇ ਅੱਗੇ ਲਿਖਿਆ ਕਿ ਤਤਕਾਲੀ ਮੁੱਖ ਮੰਤਰੀ ਸਾਹਿਬ ਦੇ ਮਨ ਉੱਪਰ ਉਸ ਵੇਲੇ ਵਾਪਰ ਰਹੀਆਂ ਅਣਕਿਆਸੀਆਂ ਘਟਨਾਵਾਂ ਦਾ ਭਾਰੀ ਬੋਝ ਸੀ ਅਤੇ ਉਨ੍ਹਾਂ ਆਪਣੇ ਮਨ ਦੀ ਵੇਦਨਾ ਤਤਕਾਲੀ ਜਥੇਦਾਰ ਦੇ ਸਨਮੁੱਖ ਭਰੇ ਮਨ ਨਾਲ ਰੱਖੀ ਸੀ। **ਸੁਖਬੀਰ ਦਾ ਸਪੱਸ਼ਟੀਕਰਨ:** ਸ੍ਰੀ ਅਕਾਲ ਤਖਤ ਸਾਹਿਬ ਬਖਸ਼ਿੰਦ ਗੁਰੂ ਦਾ ਬਖਸ਼ਿੰਦ ਤਖਤ ਹੈ। ਸਮਰੱਥ ਗੁਰੂ ਜਾਣੀ-ਜਾਣ ਹੈ। ਤਰਕ ਤੇ ਦਲੀਲਾਂ ਉੱਥੇ ਹੁੰਦੀਆਂ ਹਨ ਜਿੱਥੇ ਕਿਸੇ ਨੂੰ ਸਮਝਾਉਣ ਦੀ ਲੋੜ ਹੋਵੇ ਜਾਂ ਕੁਝ ਲੁਕਾਉਣ ਦੀ ਮਨਸ਼ਾ ਹੋਵੇ। ਦਾਸ ਗੁਰੂ ਘਰ ਦਾ ਨਿਮਾਣਾ ਸੇਵਕ ਹੈ। ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ। ਮੈਂ ਬਿਨਾਂ ਕਿਸੇ ਸਵਾਲ-ਜਵਾਬ ਦੇ ਸੱਚੇ ਦਿਲੋਂ ਵਾਹਿਗੁਰੂ ਅੱਗੇ ਜੋਦੜੀ ਕਰ ਰਿਹਾ ਹਾਂ ਕਿ ਜੋ ਵੀ ਸਾਡੇ ਖਿਲਾਫ ਲਿਖ ਕੇ ਦਿੱਤਾ ਗਿਆ ਹੈ, ਦਾਸ ਉਸ ਵਾਸਤੇ ਗੁਰੂ ਦੇ ਮਹਾਨ ਤਖਤ ‘ਤੇ ਹਾਜ਼ਰ ਹੋ ਕੇ ਗੁਰੂ ਸਾਹਿਬ ਅਤੇ ਗੁਰੂ ਪੰਥ ਪਾਸੋਂ ਬਿਨ੍ਹਾਂ ਸ਼ਰਤ ਖਿਮਾ-ਯਾਚਨਾ ਕਰਦਾ ਹੈ। ‘ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਦਾਸ ਸਾਰੀਆਂ ਭੁੱਲਾਂ ਨੂੰ ਆਪਣੀ ਝੋਲੀ ’ਚ ਪਾਉਂਦਾ ਹੈ। ਚਾਹੇ ਇਹ ਭੁੱਲਾਂ ਪਾਰਟੀ ਕੋਲ ਹੋਈਆਂ ਹਨ ਜਾਂ ਸਰਕਾਰ ਕੋਲੋਂ, ਦਾਸ ਚੇਤ-ਅਚੇਤ ਚ ਹੋਈਆਂ ਹਨ। ਸ੍ਰੀ ਅਕਾਲ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ। ਮੇਰੀ ਅਰਦਾਸ ਹੈ ਕਿ ਅਕਾਲ ਪੁਰਖ ਪੰਥ ਅਤੇ ਪੰਜਾਬ ਨੂੰ ਹਮੇਸ਼ਾ ਚੜ੍ਹਦੀਕਲਾ ‘ਚ ਰੱਖੇ।‘

# .ਗਜ਼ਲ ਮੰਚ ਸਰੀ ਵੱਲੋਂ ਡਾ. ਸਾਹਿਬ ਸਿੰਘ ਅਤੇ ਤਰਲੋਚਨ ਤਰਨਤਾਰਨ ਨਾਲ ਕੀਤੀ ਰੂਬਰੂ

**ਸਰੀ:** ਗ਼ਜ਼ਲ ਮੰਚ ਸਰੀ ਵੱਲੋਂ ਰੰਗਮੰਚ ਦੇ ਪ੍ਰਸਿੱਧ ਹਸਤਾਖ਼ਰ ਡਾ. ਸਾਹਿਬ ਸਿੰਘ ਅਤੇ ਸਾਹਿਤ ਦਾ ਡੂੰਘਾ ਅਧਿਐਨ ਕਰਨ ਕਰਨ ਵਾਲੇ ਤਰਲੋਚਨ ਤਰਨਤਾਰਨ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਵਿਚ ਪੰਜਾਬੀ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਅਤੇ ਖਾਸ ਕਰ ਕੇ ਗ਼ਜ਼ਲ ਤੇ ਨਾਟਕ ਬਾਰੇ ਬਹੁਤ ਉਸਾਰੂ ਵਿਚਾਰ ਚਰਚਾ ਹੋਈ।

ਡਾ. ਸਾਹਿਬ ਸਿੰਘ ਨੇ ਅਦਾਕਾਰ ਤੋਂ ਨਾਟਕਕਾਰ ਬਣਨ ਦੇ ਆਪਣੇ ਸਫ਼ਰ ਬਾਰੇ ਸੰਖੇਪ ਵਿਚ ਦੱਸਿਆ ਅਤੇ ਇਸ ਸਫ਼ਰ ਦੌਰਾਨ ਹੋਏ ਵੱਖ ਵੱਖ ਅਨੁਭਵ ਸਾਂਝੇ ਕੀਤੇ। ਆਪਣੀ ਅਦਾਕਾਰੀ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ‘ਮੈਨੂੰ ਪੂਰਨ ਵਿਸ਼ਵਾਸ ਹੁੰਦਾ ਹੈ ਕਿ ਸਟੇਜ ਉੱਪਰ ਮੈਂ ਜੋ ਕਹਿ ਰਿਹਾ ਹਾਂ, ਜੋ ਕਰ ਰਿਹਾ ਹਾਂ, ਮੇਰੇ ਲਈ ਉਹ ਸੱਚ ਹੈ ਅਤੇ ਉਸ ਨੂੰ ਪੂਰੀ ਈਮਾਨਦਾਰੀ ਨਾਲ ਨਿਭਾਉਂਦਾ ਹਾਂ। ਮੈਂ ਕਰੈਕਟਰ ਨੂੰ ਆਤਮਸਾਤ ਕਰ ਲੈਂਦਾ ਹਾਂ’।

ਤਰਲੋਚਨ ਤਰਨਤਾਰਨ ਨੇ ਵੀ ਸਾਹਿਤ ਅਤੇ ਕਲਾ ਨਾਲ ਸੰਬੰਧਤ ਵਡਮੁੱਲੀਆਂ ਗੱਲਾਂ ਕੀਤੀਆਂ। ਇਸ ਦੌਰਾਨ ਗ਼ਜ਼ਲ ਮੰਚ ਦੇ ਸ਼ਾਇਰਾਂ ਜਸਵਿੰਦਰ, ਕ੍ਰਿਸ਼ਨ ਭਨੋਟ, ਦਸ਼ਮੇਸ਼ ਗਿੱਲ ਫਿਰੋਜ਼, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ ਅਤੇ ਹਰਦਮ ਮਾਨ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਕਾਵਿਕ ਮਾਹੌਲ ਸਿਰਜਿਆ। ਗ਼ਜ਼ਲ ਮੰਚ ਵੱਲੋਂ ਦੋਹਾਂ ਮਹਿਮਾਨ



ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸ਼ਾਇਰ ਜੱਗੀ ਜੌਹਲ ਦੀ ਪੁਸਤਕ ‘ਪੰਛੀ ਤੇ ਦਰਵੇਸ਼’ ਵੀ ਰਿਲੀਜ਼ ਕੀਤੀ ਗਈ।

BADH ACCOUNTING SERVICES
ਜਸਬੀਰ ਸਿੰਘ ਬਾਧ
Jasbir Singh Badh
Professional Accountants
604-325-8370
F: 604-325-6654
Specializing in:
- Tax Forms Fillup
- Accounting d Payroll
- Business Income Tax
- Personal Income Tax d T4 & Workers
- Compensation Forms d Bookkeeping
ਸਾਡਾ ਅਕਾਊਂਟਿਗ ਵਿਚ 20 ਸਾਲ ਦਾ ਤਜ਼ਰਬਾ ਹੈ।
ਟੈਕਸ ਦੇ ਪੇਪਰ ਭਰਨ
ਅਕਾਊਂਟਿਗ ਪੇਰੋਲ
ਬਿਜਨਸ ਇਨਕਮ ਟੈਕਸ
ਟੀ-ਫੋਰਜ਼ ਵਰਕਰ
ਕੰਪਨਸੇਸ਼ਨ ਫਾਰਮ
ਬੁੱਕ ਕੀਪਿੰਗ
20 Years Experience in Accounting
# 201 - 6679 Main St., Vancouver, B.C.

The Name You Can Trust.....
Prabu SWEETS
100% PURE VEGETARIAN
TRADITIONAL INDIAN SWEETS & TAKE OUT
604-596-1308
#106, 7035-128 St.Surrey, (Kwantlen Plaza)

HIMALAYA SWEETS & RESTAURANT
East Indian Sweets & Exotic Foods
Kewal Pabla
President
'Just The Taste Will Bring You Back'
Vancouver
6587, Main St.
Pabla Trade Center
Ph: 604.324.6514
Richmond
4011 No. 5 Rd.
Ph:604.247.2252
Cell:604.720.5900

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ
Transparent IMMIGRATION SERVICES INC
✔ Visitor Visa/Extension
✔ Super Visa
✔ Study Permit/PGWP
✔ LMIA
✔ Work Permit
✔ Spousal Sponsorship
✔ Express Entry Application
✔ PR Application/Renewal
✔ Citizenship Application
✔ Family Sponsorship
Maninder Kaur
(RCIC)
For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

# ਮੋਰਚਾ ਗੁਰੂ ਕਾ ਬਾਗ

ਅੰਗਰੇਜ਼ੀ ਰਾਜ ਕਾਲ 'ਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕਾ ਬਾਗ਼, ਗੰਗਸਰ, ਜੈਤੋ, ਪੰਜਾ ਸਾਹਿਬ, ਨਨਕਾਣਾ ਸਾਹਿਬ, ਤਰਨਤਾਰਨ ਸਾਹਿਬ ਆਦਿ ਮੋਰਚਿਆਂ 'ਚ ਸਿੰਘਾਂ ਨੇ ਜੋ ਕੁਰਬਾਨੀਆਂ ਕੀਤੀਆਂ, ਉਹ ਲਹੂ ਰੰਗੇ ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰੇ ਹਨ। ਇਨ੍ਹਾਂ ਸਾਰਿਆਂ 'ਚ ਮੋਰਚਾ ਗੁਰੂ ਕਾ ਬਾਗ਼ ਉਚੇਚੀ ਤੇ ਵਿਲੱਖਣ ਥਾਂ ਰੱਖਦਾ ਹੈ ਪਰ ਪੰਥ ਨੇ ਚੜ੍ਹਦੀ ਕਲਾ ਨਾਲ ਫ਼ਤਹਿਯਾਬੀ ਹਾਸਲ ਕੀਤੀ। ਇਸ 'ਤੇ ਮਹਾਤਮਾ ਗਾਂਧੀ ਨੇ ਪੰਥ ਨੂੰ ਵਧਾਈ ਦੀ ਤਾਰ ਭੇਜੀ ਕਿ ਤੁਸੀਂ ਦੇਸ਼ ਦੀ ਆਜ਼ਾਦੀ ਦੀ ਪਹਿਲੀ ਵੱਡੀ ਜੰਗ ਜਿੱਤ ਲਈ। ਜਦੋਂ ਗੁਰੂ ਕੇ ਬਾਗ਼ ਦਾ ਮੋਰਚਾ ਅਰੰਭ ਹੋਇਆ ਤਾਂ ਇਹ ਸਰਕਾਰੀ ਵਰਾ ਵਰਤ ਰਿਹਾ ਸੀ। ਸਰਕਾਰ ਮਹੰਤਾਂ ਦੀ ਪਿੱਠ 'ਤੇ ਆ ਖੜ੍ਹੀ ਹੋਈ ਕਿ ਸਿੱਖ ਉਸਦੀ ਜਾਇਦਾਦ 'ਤੇ ਜ਼ਬਰਦਸਤੀ ਦਾਖ਼ਲ ਹੋ ਰਹੇ ਹਨ। ਇਸ ਦੇ ਬਾਅਦ ਤਸ਼ੱਦਦ ਦੀ ਹਨੇਰੀ ਨੇ ਸੰਸਾਰ ਭਰ ਵਿਚ ਹਾਹਾਕਾਰ ਮਚਾ ਦਿੱਤੀ। ਇੰਗਲੈਂਡ ਤੋਂ ਆਏ ਪਾਦਰੀ, ਵੱਖ- ਵੱਖ ਧਰਮਾਂ ਅਤੇ ਰਾਜਨੀਤਕ ਆਗੂ ਇਸ ਦ੍ਰਿਸ਼ ਨੂੰ ਵੇਖ ਕੇ ਕੰਬ ਉਠੇ। ਜ਼ੁਲਮ ਦੀ ਇੰਤਹਾ ਕੇ ਬੀ.ਟੀ. ਵਲੋਂ ਇਸ ਮੋਰਚੇ ਵਿਚ ਸਿਰਫ਼ ਡਾਂਗਾਂ ਨਾਲ ਹੀ ਨਹੀਂ ਸੀ ਕੁੱਟਿਆ ਜਾਂਦਾ ਬਲਕਿ ਹੰਟਰ ਮਾਰਨੇ, ਦਾੜ੍ਹੀ ਕੇਸ ਪੁੱਟਣੇ, ਜ਼ਖ਼ਮੀ ਸਿੰਘਾਂ ਨੂੰ ਧੂਹ ਕੇ ਛੱਪੜਾਂ ਤੇ ਨਹਿਰਾਂ ਵਿਚ ਸੁੱਟਣਾ ਆਦਿ ਸਾਰੇ ਵਹਿਸ਼ੀਆਨਾ ਕੰਮ ਕੀਤੇ ਗਏ। ਸੈਂਟਰਲ ਮਾਲਾ ਦੀਵਾਨ ਦੇ ਜਥੇ ਨਾਲ ਅੰਨ੍ਹੀ ਮਾਰ ਕੁਟਾਈ ਕੀਤੀ। ਅੰਮ੍ਰਿਤਸਰ ਸਾਹਿਬ ਦੀ ਖ਼ੈਰਦੀਨ ਦੀ ਮਸੀਤ ਵਿਚ ਵੱਡਾ ਜਾਲਸਾ ਮੁਕਟ ਕੀਤਾ ਜਿਥੇ ਮੋਰਚੇ ਦੀ ਸਫ਼ਲਤਾ ਤੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਦੁਆ ਮੰਗੀ ਗਈ। ਮੋਰਚੇ ਦੌਰਾਨ ਪ੍ਰਤੱਖ ਬਖ਼ਸ਼ਿਸ਼ ਹੋਈ ਜਦੋਂ ਸਿੰਘਾਂ 'ਤੇ ਜ਼ੁਲਮ ਹੋ ਰਿਹਾ ਹੈ ਤਾਂ ਉੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬਾਜ਼ ਦੇ ਪ੍ਰਤੱਖ ਦਰਸ਼ਨ ਹੋਏ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰ ਹਾਲਤ ਵਿਚ ਸ਼ਾਂਤਮਈ ਰਹਿਣ ਦੀ ਅਰਦਾਸ ਕਰਕੇ ਸਿਰ 'ਤੇ ਖੱਫ਼ਣ ਬੰਨ ਕੇ ਕੇ ਗੁਰੂ ਕੇ ਸੂਰਮੇ ਲਾਲ ਤੁਹਦੇ ਸਨ। ਉਨ੍ਹਾਂ ਦੇ ਗਾਤਰੇ ਸ੍ਰੀ ਸਾਹਿਬ ਹਨ। ਉਨ੍ਹਾਂ ਦੇ ਸਿਰਾਂ 'ਤੇ ਧੂੰਮਾਂ ਵਾਲੀਆਂ ਡਾਂਗਾਂ ਵਰ੍ਹਦੀਆਂ ਸਨ। ਇਸ ਸਮੇਂ ਅਖ਼ਬਾਰਾਂ ਦੇ ਐਡੀਟਰ, ਹਕੀਮ ਅਜ਼ਮਲ ਖਾਨ ਤੇ ਹੋਰ ਰਾਜਨੀਤਕ ਆਗੂ ਮੌਕੇ 'ਤੇ ਪਹੁੰਚ ਕੇ ਨਮ ਅੱਖਾਂ ਨਾਲ ਇਹ ਸਭ ਕੁਝ ਵੇਖਦੇ। ਜ਼ਿਮੀਦਾਰ ਦੇ ਐਡੀਟਰ ਮੌਲਾਨਾ ਜ਼ਫ਼ਰ ਅਲੀ ਤੇ ਲਾਲਾ ਮੇਲਾ ਰਾਮ ਵਫ਼ਾ ਨੇ ਕਵਿਤਾਵਾਂ ਲਿਖੀਆਂ।

ਪੰਡਤ ਮਦਨ ਮੋਹਨ ਮਾਲਵੀਆ ਨੇ ਕਿਹਾ ਕਿ ਹਰ ਇਕ ਡਾਂਗ ਬ੍ਰਿਟਿਸ਼ ਸਰਕਾਰ ਦੀਆਂ ਜੜ੍ਹਾਂ ਉੱਤੇ ਵਾਰ ਸਾਬਤ ਹੋਏਗਾ। 12 ਸਤੰਬਰ ਨੂੰ ਪਾਦਰੀ ਸੀ ਐਫ਼ ਐਂਡਰੀਊ ਨੇ ਹਾਜ਼ਰ ਹੋ ਕੇ ਇਹ ਸਾਰਾ ਦ੍ਰਿਸ਼ ਵੇਖਿਆ ਅਤੇ ਕਈ ਲੇਖ ਲਿਖੇ। ਉਸ ਨੇ ਸਰਕਾਰ ਨੂੰ ਲਿਖਿਆ ਕਿ ਇਹ ਡਾਂਗਾ ਈਸਾ ਮਸੀਹ 'ਤੇ ਵਰ੍ਹਦੀਆਂ ਵੇਖ ਰਿਹਾ ਹਾਂ। ਇਹ ਉਹ ਅਕਾਲੀ ਸੂਰਮੇ ਸਨ ਜਿਨਾਂ ਦੀਆਂ ਕੁਰਬਾਨੀਆਂ ਸਦਕਾ



ਅਕਾਲੀ ਦਲ ਹੋਂਦ ਵਿਚ ਆਇਆ। ਇਸ ਅਕਾਲੀ ਲਹਿਰ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਆਪਣੀ ਗ੍ਰਿਫ਼ਤਾਰੀ ਦਿੱਤੀ ਤੇ ਨਾਭੇ ਜੇਲ੍ਹ ਵਿਚ ਕੈਦ ਕੱਟੀ। ਪੰਡਤ ਨਹਿਰੂ ਨੇ ਲਿਖਿਆ ਕਿ ਅਕਾਲੀਆਂ ਦੇ ਇਸ ਮਹਾਨ ਕਾਰਜ ਵਿਚ ਯੋਗਦਾਨ ਪਾ ਕੇ ਉਹ ਮਾਣ ਮਹਿਸੂਸ ਕਰ ਰਹੇ ਹਨ। ਪਰ ਜਦੋਂ ਸੱਤਾ ਦੀ ਵਾਗਡੋਰ ਪੰਡਤ ਨਹਿਰੂ ਦੇ ਹੱਥ ਆਈ ਤਾਂ ਇਹ ਗੁਰੂ ਕੇ ਬਾਗ਼ ਵਰਗਾ ਜ਼ੁਲਮ ਸਿੱਖਾਂ ਦੇ ਉੱਤੇ 4 ਜੁਲਾਈ, 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਪੁਲਿਸ ਦਾਖ਼ਲ ਕਰਵਾ ਕੇ ਅਤੇ ਮੁੜ 12 ਜੂਨ, 1960 ਨੂੰ ਦਿੱਲੀ ਦੀਆਂ ਸੜਕਾਂ 'ਤੇ ਨਿਹੱਥੇ ਸਿੱਖਾਂ ਦਾ ਖ਼ੂਨ ਡੋਲਿਆ ਗਿਆ। ਫ਼ਰਕ ਸਿਰਫ਼ ਇਤਨਾ ਸੀ ਕਿ ਸਿੱਖ ਤਾਂ ਉਹੀ ਸਨ ਹਾਕਮ ਬਦਲ ਚੁੱਕੇ ਸਨ। ਬਾਬੇ ਕੇ ਬਾਬਰ ਕੇ ਦੋਊ। ਆਪ ਕਰੈ ਪਰਮੇਸਰ ਸੋਊ॥ (ਦ.. ਬਚਿੱਤ੍ਰ 21)

ਅੰਗਰੇਜ਼ੀ ਹਕੂਮਤ ਦੇ ਬੀ. ਟੀ. ਦੀਆਂ ਡਾਂਗਾਂ ਦੇ ਜਿਹੜੇ ਵਹਿਸ਼ਿਆਨਾ ਤਸ਼ੱਦਦ, ਜ਼ੁਲਮ ਖ਼ਾਲਸੇ ਨੇ ਆਪਣੇ ਸਰੀਰ 'ਤੇ ਹੰਢਾਏ ਉਸ ਨੇ 18ਵੀਂ ਸਦੀ ਦੇ ਇਤਿਹਾਸ ਨੂੰ ਮੁੜ ਪ੍ਰਤੱਖ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਇਮੀ ਤੋਂ ਲੈ ਕੇ ਬਾਕਾਇਦਾ ਕਾਨੂੰਨੀ ਮਾਨਤਾ ਪ੍ਰਾਪਤ ਹੋਣ ਦੇ ਵਿਚਕਾਰ ਦਾ ਇਹ ਸਮਾਂ ਬਹੁਤ ਹੀ ਭਾਰਾ ਸੀ। ਸਿੰਘਾਂ ਦੇ ਸਿਰੜ ਨੂੰ ਪਰਖਣ ਅਤੇ ਕੁਚਲਣ ਲਈ ਸਰਕਾਰ ਨੇ ਪੂਰੀ ਤਾਕਤ ਝੋਕ ਦਿੱਤੀ। ਮੁੱਦਾ ਸਿਰਫ਼ ਇਤਨਾ ਸੀ ਕਿ ਕੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਤੋਂ ਲੰਗਰ ਲਈ ਲੱਕੜਾਂ ਲਿਜਾਣ ਦਾ ਹੱਕ ਵੀ ਸਿੱਖਾਂ ਨੂੰ ਹੈ ਜਾਂ ਨਹੀਂ।

ਅਕਾਲੀਆਂ ਦੀਆਂ ਕੁਰਬਾਨੀਆਂ ਤੇ ਕਿਰਦਾਰ ਤੋਂ ਪ੍ਰਭਾਵਿਤ ਹੋ ਕੇ ਉ ਸਮੇਂ ਮਦਰਾਸ ਦੇ ਜੀ ਏ ਸੁੰਦਰਮ ਨੇ ਅੰਗਰੇਜ਼ੀ ਵਿਚ ਕਿਤਾਬ ਗੁਰੂ ਕਾ ਬਾਗ਼ ਸਤਿਆਗ੍ਰਹਿ ਲਿਖੀ। ਇਸ ਵਿਚ ਆਜ਼ਾਦੀ ਘੁਲਾਟੀਏ ਹਰਿੰਦਰਨਾਥ ਚਟੋਪਾਧਿਆਏ ਨੇ ਇਕ ਨਜ਼ਮ ਲਿਖੀ 'ਸਾਂਗ ਆਫ਼ ਦ ਅਕਾਲੀਜ਼।' ਇਸ ਵਿਚ ਕਿਹਾ ਕਿ ਇਸ ਮੋਰਚੇ ਵਿਚ ਸਿੰਘਾਂ ਦੇ ਸਰੀਰ ਨਹੀਂ ਬਲਕਿ ਉਨ੍ਹਾਂ ਦੀਆਂ ਰੂਹਾਂ ਲੜ ਰਹੀਆਂ ਹਨ ਅਤੇ ਰੂਹਾਂ ਜਿੱਤੀਆਂ ਨਹੀਂ ਜਾ ਸਕਦੀਆਂ। ਇਸ ਕਵਿਤਾ ਦਾ ਪੰਜਾਬੀ ਉਲੱਥਾ ਇਨ੍ਹਾਂ ਸਤਰਾਂ ਦੇ ਲੇਖਕ ਨੇ ਇਸ ਤਰ੍ਹਾਂ ਕੀਤਾ-"ਟਿੱਲ ਲਾ ਲੈ ਜੋ ਤੂੰ ਲਾਵਣਾ ਏ.. ਨਹੀਂ ਮੋੜਨਾ ਕਦਮ ਪਿਛਾਂਹ ਇਕ ਵੀ ਇਹ ਰਣ-ਜੂਝ ਦੀ ਗੁੜ੍ਹਤੀ ਸਰੀਰਾਂ ਦੀ ਨਹੀਂ, ਰੂਹ ਦੀ ਏ।

ਤੇਰੇ ਬੇਜਾਨ ਹਥਿਆਰ ਕਿਵੇਂ ਹਟਕਾਉਣਗੇ, ਤਖ਼ਤ ਅਕਾਲ 'ਤੇ ਸੋਧੇ ਇਸ ਜ਼ਾਬਤੇ ਦੇ ਅਰਦਾਸੇ ਤੋਂ। ਸਾਡੀਆਂ ਦੇਹਾਂ? ...ਅਡੋਲ ਆਤਮਾ ਨੂੰ ਵਲੇਟੀ ਕੇਵਲ ਮਾਟੀ ਦੇ ਓਹਲੇ, ਕੀ ਜਾਣੇ ਇਹ ਸੁੰਨ ਮਿੱਟੀ, ਜ਼ਖ਼ਮਾਂ, ਪੀੜਾਂ, ਦੁੱਖਾਂ, ਤਕਲੀਫ਼ਾਂ ਦੀ ਤਾਬ ਅਬਿਨਾਸ਼ੀ ਹੋ ਚੁੱਕੀ ਪ੍ਰੇਮ ਪ੍ਰੋਤੀ ਰੂਹ, ਹੋ ਸੁਰਗ ਨਰਕ ਤੋਂ ਮੰਜ਼ਿਲਾਂ ਦੂਰ, ਛੰਡ ਚੁੱਕੀ ਹੈ ਭੈ ਦੇ ਕਾਲੇ ਬੱਦਲ। ਇੱਥੇ ਇਕ ਨਹੀਂ ਹਰ ਯੋਧਾ ਬੰਦ ਬੰਦ ਪੇਸ਼ ਕਰਨ ਲਈ ਹੈ ਬੇਤਾਬ ਤੇਰੀ ਬੇਵਸ ਹੰਕਾਰੀ ਹਵਸ ਤੋਂ ਲਤਾੜੇ ਜਾਣ ਲਈ, ਇਹ ਦਰਗਾਹੀ ਰੂਹਾਂ ਅਲਾਅ ਰਹੀਆਂ ਹਨ ਰਣਜੀਤ ਦੇ ਤਰਾਨੇ। ਸ਼ਿੰਗਾਰੀ ਜਾ ਤੂੰ ਸਾਡੀ ਮਿਝ ਤੇ ਰੱਤ ਨਾਲ ਦੋਜ਼ਖ਼ ਦੇ ਹਨੇਰੇ ਪੈਂਡੇ, ਖਿੜੇ ਮੱਥੇ ਖੁੰਡੀਆਂ ਕਰੀਂ ਜਾਂਨੇ ਆਂ ਤੇਰੀਆਂ ਤਲਵਾਰਾਂ ਦੀ ਧਾਰਾਂ। ਤੂੰ ਬੰਨ ਸਕੇਗਾ ਆਜ਼ਾਦ ਆਤਮਾ ਨੂੰ ਸੰਗਲਾਂ ਨਾਲ? ਭਰ ਲੈ ਪਾਪ ਦੇ ਕਾਸੇ ਸਾਡੇ ਪਾਵਨ ਲਹੂ ਦੀਆਂ ਧਾਰਾਂ ਨਾਲ, ਸਦੀ ਦੇ ਲੱਗੇ ਹੋਏ ਦਾਗ਼ਾਂ ਨੂੰ ਧੋਣ ਨਿੱਤ ਇਸ ਸਾਰੇ ਜ਼ੁਲਮ-ਤਸ਼ੱਦਦ ਦਾ ਚੰਦ ਰਿਆਸਤ ਪਟਿਆਲੇ ਦੇ ਪਿੰਡ ਚੜੇ ਦਾ ਰਹਿਣ ਵਾਲਾ ਪੁਲਿਸ ਕਪਤਾਨ ਬੀ.ਟੀ. ਸੀ। ਬੀ.ਟੀ. ਦੀ ਦੁਸ਼ਮਣੀ ਉਸ ਦੇ ਰਿਸ਼ਤੇਦਾਰ ਕਾਕਾ ਸਿੰਘ ਨਾਲ ਸੀ। ਵੇਲਾ ਆ ਗਿਆ ਬੀ.ਟੀ. ਵਲੋਂ ਪਾਈ ਭਾਜੀ ਮੋੜਨ ਦਾ। ਬੱਬਰ ਅਕਾਲੀ ਕਰਤਾਰ ਸਿੰਘ ਛੀਨਾਵਾਲ, ਭੋਲਾ ਸਿੰਘ ਲੋਹਾ ਖੇੜਾ, ਕੁੰਢਾ ਸਿੰਘ ਗਾਜ਼ੀਆਣਾ ਤੇ ਫ਼ਜ਼ਲਾ ਘੁੰਮਣ ਨੇ ਪੁਲਿਸ ਦੀ ਵਰਦੀ ਪਾਈ ਅਤੇ ਬੀ.ਟੀ. ਦੇ ਦੁਸ਼ਮਣ ਕਾਕਾ ਸਿੰਘ ਨੂੰ ਰਲਾਇਆ। ਉਹ ਉਸ ਨੂੰ ਧੂੰਹਦੇ ਅਤੇ ਕੁੱਟਮਾਰ ਕਰਦੇ ਬੀ.ਟੀ ਦੀ ਕੋਠੀ ਲਿਜਾ ਕੇ ਉਸ ਦੇ ਪੈਰਾਂ 'ਚ ਸੁੱਟਿਆ। ਕਾਕਾ ਸਿੰਘ ਨੂੰ ਕਿਹਾ ਸਾਹਬ ਦੇ ਪੈਰੀਂ ਪੈ ਕੇ ਮੰਗ ਮਾਫ਼ੀ। ਕਾਕਾ ਸਿੰਘ ਜਦੋਂ ਬੀ.ਟੀ. ਦੇ ਪੈਰੀਂ ਪਿਆ। ਉਸ ਨੇ ਪੈਰ ਫੜੇ ਅਤੇ ਉਸ ਨੂੰ ਲੱਤਾਂ ਤੋਂ ਉਫਾ ਦਿੱਤਾ। ਬਸ, ਇਸ ਵੇਲੇ ਉਨ੍ਹਾਂ ਸਿੰਘਾਂ ਨੇ ਗੋਲੀਆਂ ਨਾਲ ਬੀ.ਟੀ. ਭੁੰਨ ਦਿੱਤਾ। ਬਾਬਾ ਛੀਨਾਵਾਲ ਤੇ ਲੋਹਾ ਖੇੜਾ ਉਮਰ ਕੈਦ ਭੋਗ ਕੇ ਰਿਹਾਅ ਹੋਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 27 ਨਵੰਬਰ, 1959 ਦੇ ਜਨਰਲ ਇਜਲਾਸ ਵਿਚ ਇਨ੍ਹਾਂ ਦੀ ਪ੍ਰਸੰਸਾ ਕੀਤੀ ਜੋ ਕਿ ਪੰਜਾਹ ਸਾਲਾ ਇਤਿਹਾਸ ਦੇ ਪੰਨਾ ਪਮ ਤੇ ਅਜਿਤ ਹੈ (1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਇਜਲਾਸ ਬਾਬਾ ਕਰਤਾਰ ਸਿੰਘ ਛੀਨੇਵਾਲ ਤੇ ਬਾਬਾ ਭੋਲਾ ਸਿੰਘ ਲੋਹਾ ਖੇੜਾ ਜ਼ਿਲਾ ਸੰਗਰੂਰ ਦੀ ਉਸ ਸੇਵਾ ਦੀ ਪ੍ਰਸੰਸਾ ਕਰਦਾ ਹੈ ਕਿ ਜੋ ਉਨ੍ਹਾਂ ਨੇ ਅਕਾਲੀ ਲਹਿਰ ਗੁਰੂ ਕੇ ਬਾਗ਼ ਦੇ ਮੋਰਚੇ 'ਤੇ ਅਤਿਆਚਾਰੀ ਮਿਸਟਰ ਬੀ.ਟੀ. ਦੇ ਕਤਲ ਦੇ ਦੋਸ਼ ਵਿਚ ਉਮਰ ਕੈਦ ਜੱਟ ਕੇ ਕੀਤੀ ਅਤੇ ਉਸ ਕੈਦ ਵਿਚੋਂ ਉਹ ਹੁਣੇ ਰਿਹਾਅ ਹੋਏ ਹਨ।

(2) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇਸ਼ ਭਗਤਾਂ ਨੂੰ ਖੁੱਲ੍ਹੀ ਸਹਾਇਤਾ ਦੇਵੇ ਤਾ ਕਿ ਇਹ ਆਪਣੀ ਬਕਾਇਆ ਜਿੰਦਗੀ ਸੁਖ ਨਾਲ ਬਤੀਤ ਕਰ ਸਕਣ। ਸਮਾਂ ਬਦਲ ਗਿਆ। ਪਾਤਰ ਬਦਲ ਗਏ ਪਰ ਪੰਥਕ ਹਾਲਾਤ ਨਹੀਂ ਬਦਲੀ ਅਕਾਲੀ ਲਹਿਰ ਅਤੇ ਵਿਸ਼ੇਸ਼ ਕਰ ਗੁਰੂ ਬਾਗ਼ ਦੇ ਮਹਾਨ ਯੋਧਿਆਂ ਨੂੰ ਯਾਦ ਕਰਦਿਆਂ ਮਹਾਨ ਅਕਾਲੀ ਲਫ਼ਜ਼ ਦੇ ਕਿਣਕਾ ਮਾਤਰ ਗੁਣ ਹਾਸਿਲ ਕਰਨ ਅਤੇ ਗੁਰਦੁਆਰਿਆਂ ਵਿਚ ਸਿੱਧੇ ਅਸਿੱਧੇ ਤੌਰ 'ਤੇ ਸਰਕਾਰੀ ਦਖ਼ਲ ਅੰਦਾਜ਼ੀ ਨੂੰ ਪੱਕਾ ਠੱਲ੍ਹ ਪਾਉਣ ਦਾ।

**ਗੁਰਚਰਨਜੀਤ ਸਿੰਘ**









SW MEDIA GROUP

ਪੰਜਾਬੀ ਜਰਨਲ

DELTA OFFICE:
#3 7953 120 St. Delta
BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SW MEDIA GROUP
#13 - 11888 MELLIS DR.
RICHMOND BC
V6X 1M1
PUBLICATION MAIL
Contract/Agreement
# is 41798524

0826193 BC Ltd. dba
SW Media Group
(Punjabi Journal)
is not responsible or legally liable for any matter or typing mistake.

**Managing Director**
**KANWALJEET SINGH RANDHAWA**

**For Advertising**
**Lucky, Jaspreet, Abhi, Sabby**

**Graphic Designer**
**Ashu Kashyap**

# ਜ਼ਿੰਦਗੀ ’ਤੇ ਭਾਰੂ ਸੋਸ਼ਲ ਮੀਡੀਆ



ਸੋਸ਼ਲ ਤੋਂ ਭਾਵ ਹੈ ਸਮਾਜਿਕ ਮੇਲ-ਜੋਲ । ਸੋਸ਼ਲ ਮੀਡੀਆ ਤੋਂ ਭਾਵ ਹੈ ਸਮਾਜ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ, ਸੁਨੇਹੇ ਜਾਂ ਫਿਰ ਨਵੀਆਂ ਤੋਂ ਨਵੀਆਂ ਯੋਜਨਾਵਾਂ ਪ੍ਰਾਪਤ ਕਰਨ ਜਾਂ ਭੇਜਣ ਦਾ ਸਾਧਨ। ਇਨ੍ਹਾਂ ਦੋਵਾਂ ਵਿਚ ਬਹੁਤ ਜ਼ਿਆਦਾ ਅੰਤਰ ਹੈ ਪਰ ਅੱਜ ਅਸੀਂ ਇਹ ਅੰਤਰ ਸਮਝ ਨਹੀਂ ਪਾ ਰਹੇ ਅਤੇ ਸੋਸ਼ਲ ਮੀਡੀਆ ਨੂੰ ਹੀ ਸੋਸ਼ਲ ਸਮਝੀ ਬੈਠੇ ਹਾਂ ਜੋ ਗ਼ਲਤ ਹੈ, ਸੱਚ ਨਹੀਂ ਹੈ।ਇਸ ਅੰਤਰ ਨੂੰ ਸਮਝਣਾ ਸਮੇਂ ਤੇ ਹਾਲਾਤ ਦੀ ਸਭ ਤੋਂ ਵੱਡੀ ਲੋੜ ਹੈ। ਅੱਜ ਤੋਂ ਜੇ 20-25 ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਉਸ ਸਮੇਂ ਫੋਨ, ਟੀ ਵੀ, ਜਾਂ ਰੇਡੀਓ ਵੀ ਕਿਸੇ- ਕਿਸੇ ਦੇ ਘਰ ਹੀ ਹੁੰਦਾ ਸੀ ਪਰ ਉਹ ਲੋਕ ਆਪਣੇ ਸੁਨੇਹੇ ਚਿੱਠੀਆਂ ਰਾਹੀਂ,ਤਾਰ ਰਾਹੀਂ ਜਾਂ ਕਿਸੇ ਵੀ ਤਰ੍ਹਾਂ ਰਿਸ਼ਤੇਦਾਰਾਂ ਤੱਕ ਪਹੁੰਚਾਉਂਦੇ ਸਨ ਅਤੇ ਦੂਰ ਤੱਕ ਦੀ ਰਿਸ਼ਤੇਦਾਰੀਆਂ ਵੀ ਦਿਲੋਂ ਨਿਭਾਉਂਦੇ ਸਨ। ਉਨ੍ਹਾਂ ਦਾ ਸੋਸ਼ਲ ਦਾਇਰਾ ਵੀ ਅੱਜ ਦੇ ਲੋਕਾਂ ਦੇ ਮੁਕਾਬਲੇ ਬਹੁਤ ਵਿਸ਼ਾਲ ਸੀ। ਉਹ ਲੋਕ ਖੁਸ਼ੀ-ਗ਼ਮੀ, ਧੁੱਪ-ਛਾਂ ਇੱਕਠੇ ਬਹਿ ਕੇ ਮਾਣਦੇ ਸਨ। ਦੁੱਖ ਵੰਡਾਉਂਦੇ ਸਨ ਅਤੇ ਖੁਸ਼ੀਆਂ ਦੁੱਗਣੀਆਂ ਕਰਦੇ ਸਨ। ਅਸਲ ਵਿਚ ਇਹੀ ਹੈ-ਸੋਸ਼ਲ ਹੋਣਾ। ਸੋਸ਼ਲ ਮੀਡੀਆ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਜੇ ਕਿਤੇ ਰਿਸ਼ਤੇਦਾਰੀ ਵਿਚ ਜਾਣ ਲਈ ਕਿਹਾ ਜਾਵੇ ਤਾਂ ਕਹਿੰਦੇ ਹਨ ਕਿ ਮੇਰੇ ਕੋਲ ਸਮਾਂ ਨਹੀਂ ਜਦਕਿ ਫ਼ੋਨ ’ਤੇ ਕਈ-ਕਈ ਘੰਟੇ ਬਹਿ ਕੇ ਸਮਾਂ ਬਰਬਾਦ ਕਰ ਰਹੇ ਹੁੰਦੇ ਹਨ ਪਰ ਆਪਣਿਆਂ ਲਈ ਸਮਾਂ ਨਹੀਂ। ਅੱਜ-ਕੱਲ੍ਹ ਘਰ ‘ਚ ਜਿੰਨੇ ਮੈਂਬਰ ਓਨੇ ਫੋਨ ਪਰ ਕਿਸੇ ਕੋਲ ਕਿਸੇ ਨਾਲ ਗੱਲ ਕਰਨ ਦਾ ਸਮਾਂ ਨਹੀਂ। ਇੰਸਟਾ, ਫੇਸਬੁੱਕ, ਵੱਟਸ ਐਪ, ਮੈਸੈਂਜਰ, ਵਗੈਰਾ, ਇਨ੍ਹਾਂ ਨੂੰ ਅਸੀਂ ਆਪਣਾ ਸੋਸ਼ਲ ਦਾਇਰਾ ਸਮਝੀ ਬੈਠੇ ਹਾਂ। ਜੋ ਇਹ ਐਪਸ ਨਹੀਂ ਚਲਾ ਰਿਹਾ, ਕਿਹਾ ਜਾਂਦਾ ਹੈ ਕਿ ਉਹ ਸੋਸ਼ਲ ਨਹੀਂ ਹੈ। ਉਸ ਨੂੰ ਤਾਂ ਕਿਸੇ ਨਾਲ ਕੋਈ ਮਤਲਬ ਨਹੀਂ। ਹਰ ਵੇਲੇ ਪਤਾ ਨਹੀਂ ਕਿੱਥੇ ਤੁਰਿਆ ਰਹਿੰਦਾ ਹੈ। ਕਦੇ ਵੀ ਕਿਸੇ ਦਾ ਸਟੇਟਸ ਨਹੀਂ ਦੇਖਦਾ। ਭਾਵੇਂ ਉਹ ਇਨਸਾਨ ਦੁਨੀਆਦਾਰੀ ਪੂਰੀ ਤਨਦੇਹੀ ਨਾਲ ਨਿਭਾਅ ਰਿਹਾ ਹੋਵੇ ਪਰ ਸਿਰਫ਼ ਸੋਸ਼ਲ ਮੀਡੀਆ ’ਤੇ ਐਕਟਿਵ ਨਾ ਹੋਣ ਕਾਰਨ ਕਿਹਾ ਜਾਂਦਾ ਹੈ ਕਿ ਉਹ ਸੋਸ਼ਲ ਨਹੀਂ ਹੈ, ਜੋ ਬਿਲਕੁਲ ਗ਼ਲਤ ਹੈ। ਪੁਰਾਣੇ ਸਮੇਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ ਪਰ ਫਿਰ ਵੀ ਲੋਕ ਦੂਰ-ਦੂਰ ਤੱਕ ਰਹਿੰਦੇ ਪਰਿਵਾਰਾਂ ਨੂੰ ਵੀ ਭਲੀ-ਭਾਂਤ ਜਾਣਦੇ ਸਨ ਕਿਉਂਕਿ ਲੋਕਾਂ ਦੇ ਸੁਭਾਅ ਵਿਚ ਮਿਲਵਰਤਨ ਦੀ ਭਾਵਨਾ ਭਰੀ ਹੋਈ ਸੀ। ਮੇਰੀ ਭਤੀਜੀ ਸਟੱਡੀ ਵੀਜ਼ਾ ਲੈ ਕੇ ਵਿਦੇਸ਼ ਗਈ।ਇੱਕ ਦਿਨ ਬੱਸ ‘ਚ ਕਿਸੇ ਬਜ਼ੁਰਗ ਨੇ ਉਸ ਦਾ ਪਿਛੋਕੜ ਪੁੱਛਿਆ ਤਾਂ ਕੁੜੀ ਦੇ ਜਵਾਬ ਦੇਣ ਸਾਰ ਹੀ ਉਸ ਦੇ ਬਜ਼ੁਰਗ ਨੇ ਪਿਆਰ ਨਾਲ ਉਸਦੇ ਸਿਰ ’ਤੇ ਹੱਥ ਰੱਖਦੇ ਕਿਹਾ, ‘ਅੱਛਾ ਧੀਏ! ਕੀ ਤੂੰ ਗਿਆਨੀ ਮੋਹਣ ਸਿੰਘ ਦੀ ਪੜਪੋਤੀ ਹੈਂ ?” ਕੁੜੀ ਨੇ ਉੱਤਰ ਦਿੱਤਾ, ਹਾਂ ਜੀ।‘ ਬਜ਼ੁਰਗ ਤਾਂ ਉਨ੍ਹਾਂ ਦੇ ਪਰਿਵਾਰ ਦੀ ਹਰ ਪੀੜ੍ਹੀ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਘਰ ਪਹੁੰਚ ਕੇ ਭਤੀਜੀ ਨੇ ਹੈਰਾਨ ਹੋ ਕੇ ਮਾਪਿਆਂ ਨੂੰ ਫੋਨ ’ਤੇ ਦੱਸਿਆ ਕਿ ਪਾਪਾ ਅੱਜ ਪੜਦਾਦਾ ਜੀ ਦੀ ਪਛਾਣ ਤਾਂ ਵਿਦੇਸ਼ ਵਿਚ ਵੀ ਨਿਕਲ ਆਈ। ਉਸ ਵੇਲੇ ਸੋਸ਼ਲ ਮੀਡੀਆ ਨਹੀਂ ਸੀ ਪਰ ਉਸ ਸਮੇਂ ਲੋਕ ਸੋਸ਼ਲ ਸਨ। ਉਹ ਮੀਲਾਂ-ਕੋਹਾਂ ਤੋਂ ਵੀ ਇੱਕ-ਦੂਜੇ ਦੀ ਖ਼ਬਰਸਾਰ ਲੈਂਦੇ ਪਰ ਅੱਜ ਗਲੀ-ਮੁਹੱਲੇ ਬਾਰੇ ਪਤਾ ਨਹੀਂ ਹੁੰਦਾ। ਫੋਨ ‘ਤੇ ਹੀ ਅਸੀਂ ਇੱਕ-ਦੂਜੇ ਨੂੰ ਖੁਸ਼ੀ-ਗ਼ਮੀ ‘ਚ ਅੰਗੂਠੇ ਜਾਂ ਇਮੋਜੀ ਭੇਜ ਕੇ ਖ਼ੁਦ ਨੂੰ ਸੋਸ਼ਲ ਕਹਿੰਦੇ ਹਾਂ। ਸਾਡੀ ਜ਼ਿੰਮੇਵਾਰੀ ਇੱਥੇ ਹੀ ਖ਼ਤਮ ਨਹੀਂ

ਹੁੰਦੀ। ਅਸੀਂ ਖ਼ੁਦ ਨੂੰ ਸੋਸ਼ਲ ਮੀਡੀਆ ‘ਤੇ ਏਨਾ ਵੀ ਮਸ਼ਰੂਫ਼ ਨਾ ਕਰੀਏ ਕਿ ਸਾਡੀ ਸੋਸ਼ਲ ਲਾਈਫ ਹੀ ਨਾ ਰਹੇ। ਬੱਚਿਆਂ ਦੇ ਹੱਥਾਂ ‘ਚ ਫੋਨ ਫੜਾ ਕੇ ਨਾ ਕੇਵਲ ਉਨ੍ਹਾਂ ਦਾ ਬਚਪਨ ਖੋਹ ਰਹੇ ਹਾਂ ਸਗੋਂ ਨੈਤਿਕ ਕਦਰਾਂ ਕੀਮਤਾਂ ਤੋਂ ਵੀ ਦੂਰ ਕਰ ਰਹੇ ਹਾਂ। ਆਧੁਨਿਕਤਾ ਨੂੰ ਅਪਣਾਉਣਾ ਮਾੜਾ ਨਹੀਂ ਪਰ ਜੋ ਚੀਜ਼ ਜਿਸ ਕੰਮ ਲਈ ਬਣੀ ਹੈ ਉੱਥੇ ਤੱਕ ਹੀ ਸੀਮਿਤ ਰੱਖਿਆ ਜਾਵੇ।

**ਪਰਮਿੰਦਰ ਕੌਰ**

# ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੀਂ 23 ਮੈਂਬਰੀ ਕੋਰ ਕਮੇਟੀ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 23 ਮੈਂਬਰੀ ਨਵੀਂ ਕੋਰ ਕਮੇਟੀ ਦਾ ਅੱਜ ਐਲਾਨ ਕਰ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਰਕਿੰਗ ਕਮੇਟੀ ਨੇ ਮਤਾ ਪਾਸ ਕਰਕੇ ਕੋਰ ਕਮੇਟੀ ਦੇ ਪੁਨਰਗਠਨ ਦੇ ਅਧਿਕਾਰ ਦਿੱਤੇ ਸਨ। ਇਸ ਤੋਂ ਪਹਿਲਾਂ ਪਾਰਟੀ ’ਚ ਬਗ਼ਾਵਤੀ ਸੁਰਾਂ ਉਭਰਨ ਮਗਰੋਂ ਸੁਖਬੀਰ ਬਾਦਲ ਨੇ 23 ਜੁਲਾਈ ਨੂੰ ਕੋਰ ਕਮੇਟੀ ਭੰਗ ਕਰ ਦਿੱਤੀ ਸੀ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਵਿਚ 4 ਐਕਸ ਆਫੀਸ਼ੀਓ ਮੈਂਬਰ ਵਿਸ਼ੇਸ਼ ਇਨਵਾਇਟੀ ਵਜੋਂ ਸ਼ਾਮਲ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਨਵੀਂ ਕੋਰ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਣੇ ਹੋਰ ਕਈ ਆਗੂਆਂ ਨੂੰ ਸ਼ਾਮਲ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵੀਂ ਕੋਰ ਕਮੇਟੀ ਦੇ ਮੈਂਬਰਾਂ ਵਿਚ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਬਿਕਰਮ ਸਿੰਘ ਮਜੀਠੀਆ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਸੋਹਣ ਸਿੰਘ ਠੰਡਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਇਕਬਾਲ ਸਿੰਘ ਝੂੰਦਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਡਾ. ਸੁਖਵਿੰਦਰ ਸੁੱਖੀ, ਲਖਬੀਰ ਸਿੰਘ ਲੋਧੀਨੰਗਲ, ਐੱਨਕੇ ਸ਼ਰਮਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਬਲਦੇਵ ਸਿੰਘ ਖਹਿਰਾ ਅਤੇ ਉਹ ਖੁਦ ਸ਼ਾਮਲ ਹਨ।

ਡਾ. ਚੀਮਾ ਨੇ ਕਿਹਾ ਕਿ ਕਮੇਟੀ ਦੇ ਐਕਸ ਆਫੀਸ਼ੀਓ ਮੈਂਬਰ ਵਜੋਂ ਸੰਸਦ ਵਿਚ ਪਾਰਟੀ ਦੇ ਆਗੂ, ਯੂਥ ਅਕਾਲੀ ਦਲ ਦੇ ਪ੍ਰਧਾਨ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਅਤੇ ਲੀਗਲ ਸੈੱਲ ਦੇ ਪ੍ਰਧਾਨ ਨੂੰ ਸ਼ਾਮਲ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 23 ਜੁਲਾਈ ਨੂੰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਮਗਰੋਂ ਪਾਰਟੀ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਸੀ।

RED SWAN
RED SWAN
Immigration Consultancy
RCIC CRIC
Licence Number : R710351
Sumit Kaur
ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ।
Address : 8338-120 Street, Surrey, BC +1(250)910-2355

# ਕੀ ਪੰਛੀਆਂ ’ਤੇ ਵੀ ਪੈਂਦਾ ਮਨੁੱਖੀ ਆਦਤਾਂ ਦਾ ਅਸਰ ?

ਮੁੱਢਲੇ ਸਮਿਆਂ ’ਚ ਜਦੋਂ ਅਜੇ ਮਨੁੱਖ ਜੰਗਲਾਂ ਵਿਚ ਹੀ ਰਹਿੰਦਾ ਸੀ ਉਦੋਂ ਤੋਂ ਹੀ ਉਸ ਦਾ ਰਾਬਤਾ ਵੱਖ-ਵੱਖ ਤਰ੍ਹਾਂ ਦੇ ਜਾਨਵਰਾਂ ਨਾਲ ਰਿਹਾ ਸੀ ਕਿਉਂਕਿ ਸਾਰੇ ਇੱਕੋ ਜਿਹੇ ਹਾਲਾਤ ਵਿਚ ਰਹਿੰਦੇ ਸਨ। ਕੁਝ ਜੀਵ ਮਨੁੱਖ ਦਾ ਖਾਜਾ ਬਣਦੇ ਰਹੇ ਤੇ ਕਈਆਂ ਦਾ ਉਹ ਆਪ ਵੀ ਸ਼ਿਕਾਰ ਰਿਹਾ ਹੋਵੇਗਾ। ਫਿਰ ਜਦੋਂ ਬੰਦਾ ਜੰਗਲ ਤੋਂ ਦੂਰ ਘਰ ਬਣਾ ਕੇ ਰਹਿਣ ਲੱਗ ਪਿਆ ਤਾਂ ਕੁਝ ਜਾਨਵਰਾਂ ਨੂੰ ਕਾਬੂ ਕਰ ਕੇ ਉਹ ਆਪਣੇ ਨਾਲ, ਆਪਣੀ ਮਦਦ ਵਾਸਤੇ ਵੀ ਲੈ ਆਇਆ ਸੀ। ਵਿਚ ਵਿਚਾਲੇ ਤੋਤੇ ਵਰਗੇ ਕੁਝ ਪੰਖੇਰੂਆਂ ਨੂੰ ਉਸ ਨੇ ਆਪਣੇ ਦਿਲ ਪਰਚਾਵੇ ਵਾਸਤੇ ਤੇ ਕੁੱਕੜ, ਬੱਤਖ ਆਦਿ ਨੂੰ ਆਪਣੀ ਖੁਰਾਕ ਵਿਚ ਮਦਦ ਦੇ ਤੌਰ ’ਤੇ ਘਰ ਵਿੱਚ ਰੱਖਣਾ ਸਿੱਖ ਲਿਆ ਹੋਵੇਗਾ। ਪਰ ਕੁਝ ਪੰਖੇਰੂ ਅਜਿਹੇ ਵੀ ਸਨ ਜੋ ਆਪਣੀ ਮਰਜ਼ੀ ਨਾਲ ਮਨੁੱਖਾਂ ਦੇ ਘਰਾਂ ਦੇ ਆਸ ਪਾਸ ਰਹਿਣ ਵਾਸਤੇ ਆ ਗਏ ਹੋਣਗੇ ਜਿਵੇਂ ਕਬੂਤਰ, ਚਿੜੀਆਂ, ਕਾਂ, ਘੁੱਗੀਆਂ ਤੇ ਗਟਾਰਾਂ ਆਦਿ। ਇਨ੍ਹਾਂ ਵਿੱਚੋਂ ਕਬੂਤਰ ਤੇ ਚਿੜੀਆਂ ਤਾਂ ਰਹਿਣ ਵੀ ਮਨੁੱਖਾਂ ਦੇ ਘਰਾਂ ਵਿੱਚ ਹੀ ਲੱਗ ਪਈਆਂ। ਉਦੋਂ ਘਰਾਂ ਦੀਆਂ ਛੱਤਾਂ ਘਾਹ ਫੂਸ ਤੇ ਬਾਅਦ ਵਿਚ ਬਾਲਿਆਂ ਸ਼ਤੀਰੀਆਂ ਵਾਲੀਆਂ ਹੁੰਦੀਆਂ ਸਨ। ਚਿੜੀਆਂ ਤਾਂ ਮਨੁੱਖਾਂ ਦੇ ਘਰਾਂ ਦੀਆਂ ਛੱਤਾਂ ਜਾਂ ਮਘੋਰਿਆਂ ਵਿਚ ਆਲ੍ਹਣੇ ਪਾਉਣ ਲੱਗ ਪਈਆਂ ਤੇ ਕਬੂਤਰ ਵਾਧਿਆਂ ਆਦਿ ’ਤੇ ਰਹਿਣਾ ਸਿੱਖ ਗਏ।

ਪਹਿਲਾਂ ਘਰਾਂ ਦੇ ਵਿਹੜਿਆਂ ਵਿਚ ਤੇ ਆਸ ਪਾਸ ਬਿਰਖ ਹੁੰਦੇ ਸਨ। ਘੁੱਗੀਆਂ, ਕਾਂ ਤੋਤੇ ਤੇ ਇਸ ਤਰ੍ਹਾਂ ਦੇ ਹੋਰ ਪੰਖੇਰੂ ਨੇੜੇ-ਤੇੜੇ ਦੇ ਬਿਰਖਾਂ ’ਤੇ ਰਹਿੰਦੇ ਸਨ। ਕੁੱਕੜ ਕੁਕੜੀਆਂ ਤਾਂ ਘਰਾਂ ਵਿਚ ਹੀ, ਬੰਦਿਆਂ ’ਤੇ ਨਿਰਭਰ ਹੋ ਕੇ ਰਹਿੰਦੇ ਸਨ ਤੇ ਬੰਦੇ ਹੀ ਉਨ੍ਹਾਂ ਨੂੰ ਵਰਤਦੇ ਸਨ। ਪਰ ਕਬੂਤਰ ਤੇ ਚਿੜੀਆਂ ਤਾਂ ਆਜ਼ਾਦ ਰਹਿੰਦਿਆਂ ਵੀ ਮਨੁੱਖਾਂ ਦੇ ਘਰਾਂ ਨਾਲ ਹਮੇਸ਼ਾ ਜੁੜੇ ਹੀ ਰਹਿੰਦੇ ਰਹੇ ਹਨ।

ਸਿੱਖੀਆਂ ਲੜਨ ਦੀਆਂ ਆਦਤਾਂ:

ਜੇ ਕੁਝ ਦਿਨ ਘਰਾਂ ਦੇ ਅੰਦਰ, ਜਾਂ ਨੇੜੇ ਤੇ ਘਰਾਂ ਤੋਂ ਕੁਝ ਦੂਰ ਦੇ ਬਿਰਖਾਂ ’ਤੇ ਰਹਿਣ ਵਾਲੇ ਹੋਰ ਪੰਛੀਆਂ ਦੇ ਵਿਹਾਰ ਵੱਲ ਧਿਆਨ ਨਾਲ਼ ਦੇਖੀਏ ਤਾਂ ਮਨੁੱਖਾਂ ਦੇ ਅੰਗ ਸੰਗ ਰਹਿਣ ਵਾਲੇ ਪੰਛੀਆਂ ਦੀਆਂ ਆਦਤਾਂ ਦਾ ਤੇ ਇਨ੍ਹਾਂ ਦੇ ਘਰਾਂ ਤੋਂ ਦੂਰ ਰਹਿਣ ਵਾਲ਼ੇ ਪੰਖੇਰੂਆਂ ਦੀਆਂ ਆਦਤਾਂ ਵਿੱਚ ਬਹੁਤ ਫ਼ਰਕ ਦਿਖਾਈ ਦੇਂਦਾ ਹੈ। ਉਦਾਹਰਣ ਦੇ ਤੌਰ ’ਤੇ ਘਰਾਂ ਵਿੱਚ ਰੱਖੇ ਮੁਰਗੇ ਮੁਰਗੀਆਂ ਵਿਚ ਜੇ ਮੁਰਗੇ ਇੱਕ ਤੋਂ ਵਧੇਰੇ ਹੋਣ ਤਾਂ ਉਨ੍ਹਾਂ ਦੀ ਆਪਸੀ ਲੜਾਈ ਡਟ ਕੇ ਹੁੰਦੀ ਰਹਿੰਦੀ ਹੈ। ਕੁੱਕੜਾਂ ਦੀ ਲੜਾਈ ਤਾਂ ਉਂਜ ਵੀ ਮਸ਼ਹੂਰ ਹੈ। । ਕੁੱਕੜੀਆਂ ਵੀ ਆਪਸ ਵਿੱਚ ਲੜ ਪੈਂਦੀਆਂ ਹਨ, ਭਾਵੇਂ ਇਹ ਲੜਾਈ ਛੋਟੀ ਹੀ ਹੁੰਦੀ ਹੈ।

ਗੁਟਾਰਾਂ ਵੀ ਘਰਾਂ ਵਿੱਚ ਤਾਂ ਨਹੀਂ ਆਲ੍ਹਣੇ ਪਾਉਂਦੀਆਂ ਪਰ ਰਹਿੰਦੀਆਂ ਸਾਡੇ ਘਰਾਂ, ਦਫ਼ਤਰਾਂ ਜਾਂ ਇਮਾਰਤਾਂ ਦੇ ਆਸ ਪਾਸ ਹੀ ਹਨ ਕਿਉਂਕਿ ਇਹ ਮਨੁੱਖਾਂ ਦੇ ਖਾਣ ਵਾਲ਼ੀਆਂ ਚੀਜ਼ਾਂ ਆਨੰਦ ਨਾਲ ਖਾਂਦੀਆਂ ਹਨ। ਇਹ ਛੋਟੀਆਂ ਟੋਲੀਆਂ ਵਿੱਚ ਵੀ ਨਜ਼ਰ ਆਉਂਦੀਆਂ ਹਨ। ਇਹ ਵੀ ਲੜ ਪੈਂਦੀਆਂ ਹਨ ਪਰ ਇਹ ਲੜਾਈ ਕੁਝ ਪਲਾਂ ਤੋਂ ਵੱਡੀ ਨਹੀਂ ਹੁੰਦੀ।

ਪੰਛੀਆਂ ਨੇ ਖੋਜੇ ਨਵੇਂ ਟਿਕਾਣੇ:

ਵੱਡੀ ਗਿਣਤੀ ਵਿੱਚ ਹਰ ਥਾਂ ਨਜ਼ਰ ਆਉਂਦੇ ਗੋਲੇ ਕਬੂਤਰ ਘਰਾਂ ਦੇ ਵਾਧਿਆਂ ਛੱਜਿਆਂ ਆਦਿ ’ਤੇ ਹੀ ਬੈਠਦੇ ਤੇ ਰਹਿੰਦੇ ਵੀ ਹਨ। ਦਫ਼ਤਰਾਂ ਤੇ ਕਾਲਜਾਂ ਦੇ ਬਾਹਰਲੇ ਬਰਾਂਡਿਆਂ ਵਿਚ ਤਾਂ ਇਨ੍ਹਾਂ ਦੇ ਡੇਰੇ ਆਮ ਹੀ ਹੁੰਦੇ ਹਨ ਜਿਥੇ ਇਹ ਵਿੱਠਾਂ ਕਰ ਕਰ ਕੇ ਗੰਦ ਪਾਈ ਰੱਖਦੇ ਹਨ। ਇਹ ਐਸ਼ ਪ੍ਰਸਤ ਹੁੰਦੇ ਹਨ। ਆਲ੍ਹਣੇ ਬਨਾਉਣ ਵਾਸਤੇ ਕੋਈ ਉਚੇਚ ਨਹੀਂ ਕਰਦੇ ਬੱਸ ਆਂਡੇ ਦੇਣ ਵੇਲ਼ੇ ਕਿਸੇ ਛੱਜੇ (ਅੱਜ ਕਲ੍ਹ ਏਅਰ ਕੰਡੀਸ਼ਨਰ ’ਤੇ ਵੀ) ਤੇ ਆਲ਼ੇ ਦੁਆਲ਼ੇ ਤੋਂ ਏਨੇ ਕੁ ਤੀਲ੍ਹੇ ਇਕੱਠੇ ਕਰ ਕੇ ਬਾਹਰਲੇ ਪਾਸੇ ਰੱਖ ਲੈਂਦੇ ਹਨ ਕਿ ਆਂਡੇ ਡਿੱਗ ਨਾ ਪੈਣ। ਬੱਸ ਇੱਥੇ ਹੀ ਬੱਚੇ ਨਿਕਲ਼ਦੇ ਤੇ ਪਲ਼ ਵੀ ਜਾਂਦੇ ਹਨ, ਫੁੱਟਪਾਥ ਤੇ ਰਹਿਣ ਵਾਲ਼ਿਆਂ ਵਾਂਗ। ਪਰ ਜੇ ਇਨ੍ਹਾਂ ਦੀਆਂ ਆਦਤਾਂ ਨੂੰ ਕੁਝ ਦਿਨ ਲਗਾਤਾਰਤਾ ਨਾਲ ਵੇਖੋ ਤਾਂ ਬਹੁਤ ਹੈਰਾਨੀ ਹੁੰਦੀ ਹੈ। ਅਕਸਰ ਆਨੰਦ ਵਾਸਤੇ ਇਹ ਟੋਲਿਆਂ ਵਿੱਚ ਇਕੱਠੇ ਉਡਾਰੀਆਂ ਲਾਉਂਦੇ ਰਹਿੰਦੇ ਹਨ। ਮੌਸਮ ਬਹੁਤ ਖਰਾਬ ਹੋਵੇ, ਤੇਜ਼ ਬਾਰਿਸ਼ ਜਾਂ ਗੜੇ ਵਗੈਰਾ ਪੈਂਦੇ ਹੋਣ ਤਾਂ ਇਹ ਇੱਕ ਦੂਜੇ ਦੇ ਨੇੜੇ ਨੇੜੇ ਇਕੱਠੇ ਹੋ ਕੇ ਕਿਤੇ ਉਹਲੇ ਵਿਚ ਬੈਠ ਵੀ ਜਾਂਦੇ ਹਨ। ਮੌਸਮ ਠੀਕ ਹੋਣ ’ਤੇ ਫਿਰ ਇੱਕ ਦਮ ਖਿੱਲਰ ਜਾਂਦੇ ਹਨ। ਕਬੂਤਰਾਂ ਦਾ ਇੱਕ ਜੋੜਾ ਕਿਸੇ ਤਾਰ ਜਾਂ ਬਨੇਰੇ ’ਤੇ ਬੈਠਾ ਹੋਵੇ, ਕੋਈ ਹੋਰ ਕਬੂਤਰ ਨੇੜੇ ਆ ਕੇ ਬੈਠ ਜਾਏ ਤਾਂ ਜੋੜੇ ’ਚੋਂ ਇੱਕ ਜਣਾ ਉਸ ਨੂੰ ਉੱਥੋਂ ਉਡਾ ਕੇ ਹੀ ਹਟਦਾ ਹੈ। ਜੇ ਇਕੱਲੇ ਬੈਠੇ ਕਬੂਤਰ ਦੇ ਨੇੜੇ ਉਸ ਦਾ ਪਸੰਦੀਦਾ ਕਬੂਤਰ ਆ ਬੈਠੇ ਤਾਂ ਉਹ ਬੈਠਾ ਰਹਿੰਦਾ ਹੈ, ਜੇ ਉਹ ਕਬੂਤਰ ਜਾਂ ਕਬੂਤਰੀ ਉਸ ਨੂੰ ਚੰਗਾ ਨਾ ਲੱਗਦਾ ਹੋਵੇ ਤਾਂ ਉਹ ਉੱਥੋਂ ਉੱਡ ਕੇ ਕਿਤੇ ਹੋਰ ਜਾ ਬਹਿੰਦਾ ਹੈ। ਇਹ ਵੀ ਬੰਦਿਆਂ ਵਾਂਗ ਕਿਸੇ-ਕਿਸੇ ਕਬੂਤਰ ਦੇ ਪਿੱਛੇ (ਸ਼ਾਇਦ ਉਹ ਕਬੂਤਰੀ ਹੋਵੇ ’ਤੇ ਪਿੱਛਾ ਕਰਨ ਵਾਲ਼ਾ ਕਬੂਤਰ ਹੋਵੇ) ਦੇ ਪਿੱਛੇ-ਪਿੱਛੇ ਕਈ ਕਈ ਥਾਵਾਂ ਬਦਲ ਲੈਂਦਾ ਹੈ।

ਇੱਕ ਵਾਰ ਦੇਖਿਆ ਕਿ ਸਾਹਮਣੇ ਘਰ ਦੀ ਛੱਤ ’ਤੇ ਪੰਛੀਆਂ ਵਾਸਤੇ ਪਏ ਪਾਣੀ ਦੇ ਕੂੰਡੇ ਵਿਚ ਇੱਕ ਕਬੂਤਰ ਵੜ ਕੇ ਬੈਠ ਗਿਆ। ਆਸ ਪਾਸ ਪਾਣੀ ਪੀਣ ਆਏ ਕਬੂਤਰਾਂ ਨੂੰ ਚੁੰਝਾਂ ਮਾਰ ਮਾਰ ਕੇ ਉਡਾਈ ਗਿਆ। ਆਪ ਕਦੇ ਸਿਰ ਪਾਣੀ ਵਿਚ ਡੋਬ ਲਵੇ ਕਦੇ ਸਾਰੇ ਦਾ ਸਾਰਾ ਪਾਣੀ ਵਿਚ ਵੜ ਜਾਂਦਾ ਰਿਹਾ। ਉਸ ਨੇ ਕਿਸੇ ਨੂੰ ਪਾਣੀ ਨਾ ਹੀ ਪੀਣ ਦਿੱਤਾ। ਹਾਰ ਕੇ ਆਸ ਪਾਸ ਬੈਠੇ ਕਬੂਤਰ ਪਾਣੀ ਦੀ ਆਸ ਵਿਚ ਕਿਸੇ ਹੋਰ ਘਰ ਦੀ ਛੱਤ ਵੱਲ ਉੱਡ ਗਏ।

ਕਈ ਵਾਰ ਕੋਈ ਕਬੂਤਰ ਗੁੰਡੇ ਲੋਕਾਂ ਵਾਂਗ ਵੀ ਕਰਨ ਲੱਗ ਪੈਂਦਾ ਹੈ। ਜਿੱਥੇ ਬੈਠਾ ਹੋਵੇ ਨੇੜੇ ਕਿਸੇ ਹੋਰ ਕਬੂਤਰ ਨੂੰ ਫਟਕਣ ਨਹੀਂ ਦੇਂਦਾ।

ਵਤੀਰੇ ’ਚ ਤਬਦੀਲੀ:

ਇੱਕ ਵਾਰ ਤਾਂ ਇਨ੍ਹਾਂ ਦੇ ਵਤੀਰੇ ਨੂੰ ਵੇਖ ਕੇ ਅਜਬ ਤਰ੍ਹਾਂ ਦੀ ਹੈਰਾਨੀ ਹੋਈ। ਸਾਹਮਣੇ ਘਰ ਦੇ ਬਾਹਰ ਵਾਲ਼ੇ ਪਾਸੇ ਲੱਗੇ ਏ. ਸੀ. ’ਤੇ ਇੱਕ ਜੋੜੇ ਦੇ ਆਂਡੇ ਸਨ। ਨੇੜੇ ਆ ਕੇ ਬਨੇਰੇ ’ਤੇ ਇੱਕ ਹੋਰ ਕਬੂਤਰ ਬੈਠ ਗਿਆ। ਕਬੂਤਰੀ ਆਂਡਿਆਂ ’ਤੇ ਬੈਠੀ ਹੋਈ ਸੀ। ਉਸ ਦੇ ਨਾਲ ਵਾਲਾ ਕਬੂਤਰ ਬਨੇਰੇ ’ਤੇ ਸੱਜੇ ਤੋਂ ਖੱਬੇ ਤੇ ਖੱਬੇ ਤੋਂ ਸੱਜੇ ਤੁਰਦਾ ਓਨੀ ਦੇਰ ਤੁਰਦਿਆਂ-ਤੁਰਦਿਆਂ ਚੱਕਰ ਲਾਉਂਦਾ ਰਿਹਾ ਜਦ ਤੱਕ ਨੇੜੇ ਬੈਠਣ ਵਾਲ਼ਾ ਕਬੂਤਰ ਉੱਡ ਨਾ ਗਿਆ। ਉਸ ਨੇ ਨੇੜੇ ਬੈਠਣ ਵਾਲੇ ਕਬੂਤਰ ਨੂੰ ਲੜਾਈ ਕਰ ਕੇ ਉਡਾਉਣ ਦੀ ਕੋਸ਼ਿਸ਼ ਨਾ ਕੀਤੀ ਸਗੋਂ ਆਲ੍ਹਣੇਂ ਦੇ ਆਸ ਪਾਸ ਚੱਕਰ ਲਾਉਂਦਾ ਰਿਹਾ ਜਿਵੇਂ ਬੰਦੇ ਤਣਾਅ ਵੇਲ਼ੇ ਆਸ ਪਾਸ ਥਾਂ ਗੇੜੇ ਕੱਢਣ ਲੱਗ ਪੈਂਦੇ ਹਨ।

ਘੁੱਗੀਆਂ ਤੇ ਬੁਲਬੁਲਾਂ ਵੀ ਮਈ ਜੂਨ ਵਿਚ ਘਰਾਂ ਵਿਚ ਲੱਗੇ ਝਾੜੀਆਂ ਵਰਗੇ ਬੂਟਿਆਂ ’ਤੇ ਆਲ੍ਹਣੇ ਬਣਾ ਕੇ ਬੱਚੇ ਪਾਲ਼ ਲਿਜਾਂਦੀਆਂ ਹਨ। ਉੱਥੇ ਸਿਰਫ਼ ਬੱਚੇ ਪੈਦਾ ਕਰਨ ਤੇ ਉੱਡਣ ਜੋਗੇ ਹੋਣ ਤੱਕ ਹੀ ਰਹਿੰਦੀਆਂ ਹਨ। ਘੁੱਗੀ ਬਹੁਤ ਸ਼ਾਂਤ ਸੁਭਾਅ ਦੀ ਹੁੰਦੀ ਹੈ ਤੇ ਲਾਪਰਵਾਹ ਵੀ ਬਹੁਤ। ਉੱਘੜ ਦੁੱਘੜੇ ਤੀਲ੍ਹੇ ਰੱਖ ਕੇ ਕੰਮ ਚਲਾਊ ਜਿਹਾ ਆਲ੍ਹਣਾ ਬਣਾਉਂਦੀ ਹੈ ਤੇ ਬੱਚੇ ਉੱਡਣ ਵਾਲ਼ੇ ਹੁੰਦਿਆਂ ਸਾਰ ਸਾਰਾ ਪਰਿਵਾਰ ਆਲ੍ਹਣਾ ਛੱਡ ਦੇਂਦਾ ਹੈ। ਬੁਲਬੁਲ ਬਰੀਕ-ਬਰੀਕ ਤੀਲ੍ਹੇ ਲਿਆ ਕੇ ਚਾਰ ਸਾਢੇ ਚਾਰ ਇੰਚ ਵਿਆਸ ਦਾ ਗੋਲ਼ ਟੋਕਰੀ ਵਰਗਾ ਖ਼ੂਬਸੂਰਤ ਆਲ੍ਹਣਾ ਬਣਾਉਂਦੀ ਹੈ। ਵਿਚ ਨਰਮ ਕੱਪੜੇ ਦੇ ਟੋਟੇ ਜਾਂ ਰੂੰ ਆਦਿ , ਜੋ ਵੀ ਲੱਭ ਜਾਏ, ਲਿਆ ਕੇ ਰੱਖ ਲੈਂਦੀ ਹੈ। ਆਂਡਿਆਂ ਵਿੱਚੋਂ ਬੱਚੇ ਨਿਕਲਣ ਤੇ ਜੋੜੀ ਵਾਰੀ-ਵਾਰੀ ਚੁਗਣ ਜਾਂਦੀ ਹੈ । ਪਰ ਘੁੱਗੀ ਦੇ ਮੁਕਾਬਲੇ ਇਹ ਬਹੁਤ ਤੇਜ਼ ਤੇ ਬੱਚਿਆਂ ਦਾ ਧਿਆਨ ਰੱਖਣ ਵਾਲੀਆਂ ਹੁੰਦੀਆਂ ਹਨ। ਬੱਚੇ ਉੱਡਣ ਵਾਲ਼ੇ ਹੋਣ ਸਾਰ ਹੀ ਉਨ੍ਹਾਂ ਨੂੰ ਬੰਦਿਆਂ ਦੇ ਘਰਾਂ ਤੋਂ ਦੂਰ, ਬਿਰਖਾਂ ’ਤੇ ਲੈ ਜਾਂਦੀਆਂ ਹਨ। ਘੁੱਗੀਆਂ ਵਾਂਗ ਹੀ ਇਨ੍ਹਾਂ ਨੂੰ ਵੀ ਕਦੇ ਆਪਸ ਵਿਚ ਲੜਦਿਆਂ ਨਹੀਂ ਵੇਖਿਆ ਗਿਆ ਭਾਵੇਂ ਹੁੰਦੀਆਂ ਬਹੁਤ ਚੁਸਤ ਫੁਰਤ ਤੇ ਚਲਾਕ ਹਨ। ਸ਼ਾਇਦ ਘੁੱਗੀਆਂ, ਤੋਤਿਆਂ, ਬੁਲਬੁਲਾਂ ਤੇ ਕਾਵਾਂ ਦਾ, ਆਪਸ ਵਿਚ ਨਾ ਲੜਦੇ ਨਜ਼ਰ ਆਉਣਾ ਉਹਨਾਂ ਦਾ ਹਰ ਵੇਲੇ ਇਨਸਾਨਾਂ ਦੇ ਨੇੜੇ ਨਾ ਰਹਿਣ ਕਰਕੇ ਹੋਵੇ । ਕੁਝ ਫ਼ਾਸਲੇ ਤੇ ਕੁਦਰਤ ਦੇ ਆਸ ਪਾਸ ਰਹਿਣਾ ਉਹਨਾਂ ਨੂੰ ਸ਼ਾਂਤ ਰੱਖਣ ਦਾ ਕਾਰਨ ਹੋ ਸਕਦਾ ਹੈ। ਕਬੂਤਰਾਂ, ਚਿੜੀਆਂ ਤੇ ਕੁੱਕੜਾਂ ਦਾ ਬੰਦਿਆਂ ਵਾਂਗ ਆਪਸ ਵਿਚ ਲੜਨਾ ਸ਼ਾਇਦ ਉਨ੍ਹਾਂ ਦਾ ਇਨਸਾਨਾਂ ਦੇ ਬਹੁਤ ਨੇੜੇ ਰਹਿਣ ਕਰਕੇ ਹੀ ਹੋਵੇ।

ਪੰਛੀਆਂ ਦੇ ਵੀ ਤਿੜਕਦੇ ਨੇ ਰਿਸ਼ਤੇ:

ਜਿਹੜੇ ਜਾਨਵਰ ਮਨੁੱਖਾਂ ਤੋਂ ਦੂਰ, ਬਾਹਰ ਰਹਿੰਦੇ ਹਨ ਜਾਂ ਪਰਵਾਸ ਕਰਦੇ ਹਨ ਉਨ੍ਹਾਂ ਦੀਆਂ ਆਦਤਾਂ ਵਿੱਚ ਵੀ ਇਨਸਾਨਾਂ ਵਾਂਗ, ਖ਼ਾਸ ਕਰਕੇ ਆਪਸੀ ਰਿਸ਼ਤਿਆਂ ਵਿਚ ਕਾਫ਼ੀ ਫ਼ਰਕ ਆ ਰਿਹਾ ਹੈ। ਆਮ ਤੌਰ ’ਤੇ ਮੰਨਿਆ ਜਾਂਦਾ ਸੀ ਕਿ ਪੰਛੀਆਂ ਦੀ ਨੱਬੇ ਪ੍ਰਤੀਸ਼ਤ ਆਬਾਦੀ ਸਾਰੀ ਉਮਰ ਇੱਕੋ ਸਾਥੀ ਨਾਲ ਰਹਿੰਦੀ ਹੈ। ਪਰ ਹੁਣ ਨਵੀਂ ਖੋਜ ਅਨੁਸਾਰ ਇਹ ਪੰਖੇਰੂ ਵੀ ਇੱਕ ਸਾਥੀ ਨੂੰ ਛੱਡ ਕੇ ਦੂਜੇ ਨਾਲ ਰਹਿਣ ਲੱਗ ਪਏ ਹਨ। ਖੋਜੀਆਂ ਨੇ ਇਸ ਨੂੰ ਤਲਾਕ ਦਾ ਨਾਮ ਦਿੱਤਾ ਹੈ। ਜਰਮਨੀ ਦੇ ਮੈਕਸ ਪਲਾਂਕ ਇੰਸਟੀਚਿਊਟ ਆਫ ਐਨੀਮਲ ਬੀਹੇਵੀਅਰ ਦੇ ਡਾ.ਜਾਈਟਨ ਸੋਨਾ ਦੇ ਮੁਤਾਬਿਕ ਪੰਛੀਆਂ ਦੇ ਜੋੜਿਆਂ ਵਿਚਕਾਰ ਆਪਸੀ ਦੂਰੀ ਦੇ ਦੋ ਕਾਰਨ ਸਾਹਮਣੇ ਆਏ ਹਨ ਜਿਹੜੇ ਸਾਰੀਆਂ ਪ੍ਰਜਾਤੀਆਂ ਵਿਚਕਾਰ ਵਿਸ਼ੇਸ਼ ਤੌਰ ’ਤੇ ਦਿਖਾਈ ਦਿੱਤੇ। ਪਹਿਲਾ : ਨਰ ਪੰਛੀ ਦੇ ਇੱਕ ਤੋਂ ਵਧੇਰੇ ਰਿਸ਼ਤੇ ਹੋਣਾ ਤੇ ਦੂਜਾ ਲੰਬੀ ਦੂਰੀ ਦਾ ਪਰਵਾਸ। ਇਸ ਦੌਰਾਨ ਪੰਛੀਆਂ ਦਾ ਧਿਆਨ ਕਈ ਮਾਦਾਵਾਂ ਵਿਚਕਾਰ ਵੰਡਿਆ ਜਾਂਦਾ ਹੈ ਪਰ ਇਹ ਰੁਝਾਨ ਮਾਦਾ ਪੰਛੀਆਂ ਵਿੱਚ ਘੱਟ ਦਿਖਾਈ ਦਿੱਤਾ। ਸੋਨਾ ਦਾ ਵਿਚਾਰ ਹੈ ਕਿ ਪਰਵਾਸ ਪਿੱਛੋਂ ਕਈ ਵਾਰ ਜੋੜੇ ਵੱਖ-ਵੱਖ ਸਮਿਆਂ ’ਤੇ ਆਪਣੀ ਨਿਰਧਾਰਿਤ ਜਗ੍ਹਾ ’ਤੇ ਪਹੁੰਚਦੇ ਹਨ। ਕਈ ਵਾਰ ਜੋੜੇ ਇਕੱਠੇ ਨਹੀਂ ਪਹੁੰਚ ਸਕੇ ਹੁੰਦੇ। ਅਜਿਹੀ ਸਥਿਤੀ ਵਿਚ ਨਰ ਪੰਛੀ ਕਿਸੇ ਹੋਰ ਪਹਿਲਾਂ ਪਹੁੰਚੀ ਮਾਦਾ ਨਾਲ਼ ਸਬੰਧ ਬਣਾ ਲੈਂਦੇ ਹਨ ਤੇ ਇਸ ਤਰ੍ਹਾਂ ਪਹਿਲੇ ਰਿਸ਼ਤੇ ਤਿੜਕ ਜਾਂਦੇ ਹਨ।

ਪੰਛੀਆਂ ਦੀਆਂ 232 ਪ੍ਰਜਾਤੀਆਂ ’ਤੇ ਅਧਿਐਨ:

ਜਰਮਨੀ ਤੇ ਚੀਨ ਦੇ ਖੋਜ ਕਰਤਾਵਾਂ ਨੇ ਜਨਰਲ ਪ੍ਰੋਸੀਡਿੰਗਜ਼ ਫਾਰ ਰਾਇਲ ਸੁਸਾਇਟੀ ਬੀ ਵਿਚ, ਮੌਤ ਦਰ ਦਾ ਡਾਟਾ ਤੇ ਪ੍ਰਵਾਸਨ ਦੂਰੀ ਦੀ ਮਦਦ ਨਾਲ ਪੰਛੀਆਂ ਦੀਆਂ 232 ਪ੍ਰਜਾਤੀਆਂ ਦੇ ਬਦਲਦੇ ਵਤੀਰੇ ’ਤੇ ਹੋਏ ਅਧਿਐਨ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਹਨ। ਨਾਲ ਹੀ ਉਨ੍ਹਾਂ ਨੇ ਪੰਛੀਆਂ ਵਿਚਕਾਰ ਤਲਾਕ ਦੀ ਦਰ ਦੇ ਪਹਿਲਾਂ ਪ੍ਰਕਾਸ਼ਿਤ ਅੰਕੜਿਆਂ ਤੋਂ ਵੀ ਮਦਦ ਲਈ ਸੀ।


ਲਿਵਰਪੂਲ ਯੂਨੀਵਰਸਿਟੀ ਵਿੱਚ ਮੈਰੀਨ ਬਾਇਆਲੋਜੀ ਦੀ ਮਾਹਿਰ ਡਾ. ਸਾਮੰਥਾ ਪੈਟ੍ਰਿਕ ਦਾ ਵਿਚਾਰ ਹੈ ਕਿ ਗਲੋਬਲ ਵਾਰਮਿੰਗ ਕਾਰਨ ਬਦਲਦੇ ਮੌਸਮ ਵੀ ਇਸ ਵਾਸਤੇ ਜ਼ਿੰਮੇਵਾਰ ਹਨ। ਜਿਵੇਂ ਕਦੇ ਸਰਦੀ ਦੇਰ ਨਾਲ ਸ਼ੁਰੂ ਹੁੰਦੀ ਹੈ ਤੇ ਕਦੇ ਗਰਮੀ। ਇਸ ਦਾ ਅਸਰ ਪੰਖੇਰੂਆਂ ਦੀਆਂ ਆਦਤਾਂ ਤੇ ਜ਼ਿੰਦਗੀਆਂ ’ਤੇ ਵੀ ਪੈਂਦਾ ਹੈ। ਹੁਣ ਕੀ ਕਹੀਏ, ਇਹ ਸਰਦੀ ਗਰਮੀ ਦੇ ਬਦਲਦੇ ਸਮਿਆਂ ਦਾ ਅਸਰ ਹੈ ਕਿ ਲਗਾਤਾਰ ਬਦਲ ਰਹੀ ਹਵਾ ਦਾ ਜਿਸ ਵਿਚ ਪੰਖੇਰੂ ਤੇ ਬੰਦੇ , ਦੋਵੇਂ ਸਾਹ ਲੈਂਦੇ ਹਨ, ਕਿ ਪੰਖੇਰੂਆਂ ਵਿਚ ਵੀ ਇਨਸਾਨਾਂ ਵਾਲ਼ੀਆਂ ਆਦਤਾਂ ਉੱਤਰਨ ਲੱਗ ਪਈਆਂ ਹਨ।

ਚਿੜੀਆਂ ਵੀ ਹੋਈਆਂ ਪਰਵਾਸੀ:

ਸਾਡੇ ਘਰਾਂ ਵਿਚ ਚਿੜੀਆਂ ਹੁਣ ਨਹੀਂ ਹਨ ਪਰ ਪਿਛਲੇ ਸਾਲ ਇਨ੍ਹਾਂ ਸਾਡੇ ਵਾਲ਼ੀਆਂ ਚਿੜੀਆਂ ਨੂੰ ਕੈਨੇਡਾ ਵਿਚ ਵੇਖ ਕੇ ਬਹੁਤ ਹੈਰਾਨੀ ਹੋਈ। ਜਿਸ ਘਰ ਗਏ ਸਾਂ ਉਸ ਸੁਆਣੀ ਨੇ ਦੱਸਿਆ ਕਿ ਉਹ ਸਵੇਰੇ-ਸਵੇਰੇ ਇਨ੍ਹਾਂ ਚਿੜੀਆਂ ਨੂੰ ਦਾਣਾ ਪਾਉਂਦੀ ਹੈ।

ਜੇ ਕਿਸੇ ਦਿਨ ਦੇਰ ਹੋ ਜਾਏ ਤਾਂ ਇਹ ਚੀਂ ਚੀਂ ਕਰਦੀਆਂ ਦਰਵਾਜ਼ੇ ਦੇ ਸ਼ੀਸ਼ੇ ’ਤੇ ਚੁੰਝਾਂ ਮਾਰ-ਮਾਰ ਕੇ ਉਸ ਨੂੰ ਬੁਲਾਉਂਦੀਆਂ ਹਨ ਤੇ ਫਿਰ ਦਾਣੇ ਖਾ ਕੇ ਉੱਡ ਜਾਂਦੀਆਂ ਹਨ। ਮੈਂ ਸੋਚਦੀ ਰਹੀ ਕਿ ਛੱਤਾਂ ਤਾਂ ਉੱਥੇ ਵੀ ਪੁਰਾਣੀ ਤਰ੍ਹਾਂ ਦੀਆਂ ਨਹੀਂ ਹਨ ਫਿਰ ਇਹ ਉੱਥੇ ਘਰ ਕਿੱਥੇ ਬਣਾਉਂਦੀਆਂ ਹੋਣਗੀਆਂ। ਮਹੀਨਿਆਂ ਦੇ ਮਹੀਨੇ ਚੱਲਣ ਵਾਲ਼ੇ ਬਰਫ਼ੀਲੇ ਮੌਸਮ ਨੂੰ ਕਿਸ ਤਰ੍ਹਾਂ ਸਹਾਰਦੀਆਂ ਹੋਣਗੀਆਂ। ਫਿਰ ਖ਼ਿਆਲ ਆਇਆ ਕਿ ਸ਼ਾਇਦ ਇਹ ਵੀ ਕੁਝ ਪੀੜ੍ਹੀਆਂ ਵਿਚ ਸਾਡੇ ਲੋਕਾਂ ਵਾਂਗ ਪਰਵਾਸ ਕਰਨਾ ਤੇ ਕੈਨੇਡਾ ਵਿਚ ਰਹਿਣਾ ਸਿੱਖ ਗਈਆਂ ਹੋਣਗੀਆਂ।

**ਅਰਤਿੰਦਰ ਸੰਧੂ**



## ਕਹਾਣੀ

# ਮੈਂ ਤੇਰੀ ਹਾਂ



ਕੀ ਮੈਨੂੰ ਇਸ ਉਮਰ ’ਚ ਸੁਪਨੇ ਲੈਣ ਦਾ ਹੱਕ ਹੈ ? ਅਦਿਤੀ ਆਪਣੇ-ਆਪ ਨੂੰ ਪੁੱਛ ਰਹੀ ਸੀ।

ਆਪਣੇ ਬੌਸ ਸੀਮਾਂਤ ਸਹਾਏ ਦੀ ਬਹੁਤ ਇੱਜ਼ਤ ਕਰਦੀ ਸੀ। ਛੇ ਮਹੀਨਿਆਂ ’ਚ, ਉਹ ਇਕ-ਦੂਜੇ ਦੇ ਬਹੁਤ ਨੇੜੇ ਹੋ ਗਏ ਸਨ ਪਰ ਸੀਮਾਂਤ ਨੇ ਕਦੇ ਵੀ ਹੱਦ ਨੂੰ ਪਾਰ ਨਹੀਂ ਕੀਤਾ ਅਤੇ ਇਹੀ ਗੱਲ ਅਦਿਤੀ ਨੂੰ ਉਸ ਦਾ ਦੀਵਾਨਾ ਬਣਾ ਗਈ। ਸੀਮਾਂਤ ਦੀ ਸ਼ਾਲੀਨਤਾ, ਉਸ ਦੀ ਕੋਮਲ ਸ਼ਖਸੀਅਤ ਉਸ ਤੋਂ ਮਿਲਣ ਵਾਲੀ ਸੁਰੱਖਿਆ ਦਾ ਅਹਿਸਾਸ। ਅਦਿਤੀ ਕੋਲ ਸੀਮਾਂਤ ਦਾ ਵਿਆਹ ਦਾ ਰੱਖਿਆ ਆਫਰ ਨਾ-ਮੰਨਣ ਦਾ ਕੋਈ ਕਾਰਨ ਨਹੀਂ ਸੀ। ਸੀਮਾਂਤ ਨੇ ਆਪਣੇ ਬਾਰੇ ’ਚ ਉਸ ਨੂੰ ਸਭ ਕੁਝ ਸਾਫ-ਸਾਫ ਦੱਸ ਦਿੱਤਾ ਸੀ। ਪੰਜ ਸਾਲ ਪਹਿਲਾਂ ਉਸ ਦੀ ਪਤਨੀ ਉਸ ਦੇ ਇਕ ਦੋਸਤ ਨਾਲ ਅਮਰੀਕਾ ਚਲੀ ਗਈ ਸੀ। ਬਾਅਦ ’ਚ ਉਨ੍ਹਾਂ ਦਾ ਬਾਕਾਇਦਾ ਤਲਾਕ ਹੋ ਗਿਆ ਸੀ। ਦੋਵੇਂ ਬੱਚੇ ਤਾਨਿਆ ਅਤੇ ਤਹਿਜੀਬ ਨੂੰ ਉਹ ਉਸ ਦੇ ਕੋਲ ਛੱਡ ਗਈ ਸੀ।ਅਜੇ ਉਸ ਨੂੰ ਅਜਿਹੀ ਕੋਈ ਔਰਤ ਨਹੀਂ ਮਿਲੀ ਸੀ, ਜਿਸ ਨੂੰ ਦੇਖ ਕੇ ਉਸ ਨੂੰ ਲੱਗਦਾ ਹੈ ਕਿ ਇਹ ਮੇਰੇ ਬੱਚਿਆਂ ਦੀ ਮਾਂ ਬਣਨ ਲਾਇਕ ਹੈ। ਅਦਿਤੀ ’ਚ ਅਜਿਹਾ ਕੁਝ ਸੀ, ਜੋ ਉਸ ਨੂੰ ਪਹਿਲੀ ਨਜ਼ਰ ’ਚ ਹੀ ਰੂਹ ਦੀਆਂ ਗਹਿਰਾਈਆਂ ਤਕ ਛੂਹ ਗਿਆ।

37 ਸਾਲਾ ਅਦਿਤੀ ’ਚ ਉਹ ਸਭ ਕੁਝ ਸੀ, ਜੋ ਸੀਮਾਂਤ ਇਕ ਔਰਤ ’ਚ ਚਾਹੁੰਦਾ ਸੀ।ਉਸ ਨੂੰ ਉਹ ਇਕ ਮੁਕੰਮਲ ਔਰਤ ਲੱਗੀ।ਫਿਰ ਹੋਇਆ ਇਹ ਕਿ ਸੀਮਾਂਤ ਦੇ ਕਹਿਣ ’ਤੇ ਇਕ ਦਿਨ ਅਦਿਤੀ ਉਨ੍ਹਾਂ ਦੇ ਘਰ ਉਸ ਦੇ ਬੱਚਿਆਂ ਨੂੰ ਮਿਲਣ ਗਈ। 6 ਸਾਲ ਦੀ ਤਾਨਿਆ ਉਸ ਨੂੰ ਪਹਿਲੀ ਹੀ ਮੁਲਾਕਾਤ ’ਚ ਘੁਲ-ਮਿਲ ਗਈ ਸੀ।

ਬੱਚੀ ਦਾ ਉਹ ਪਿਆਰ ਭਰਿਆ ਹੁੰਗਾਰਾ ਉਸ ਨੂੰ ਅੰਦਰ ਤੱਕ ਛੂਹ ਗਿਆ ਸੀ।ਹਾਂ, 10 ਸਾਲਾਂ ਦਾ ਤਹਿਜੀਬ ਉਸ ਦੇ ਨੇੜੇ ਨਹੀਂ ਆਇਆ।ਉਸ ਨੂੰ ਕਾਫੀ ਰਿਜ਼ਰਵ ਅਤੇ ਸ਼ਰਮੀਲਾ ਲੱਗਾ।

ਇਸ ਗੱਲ ਦੀ ਅਦਿਤੀ ਨੂੰ ਕਲਪਨਾ ਵੀ ਨਹੀਂ ਸੀ ਕਿ ਉਸ ਦੀ ਆਪਣੀ ਹੀ ਮਾਂ ਅਤੇ ਭਰਾ ਆਯੁਸ਼ ਹੀ ਉਸ ਦੇ ਵਿਆਹ ’ਤੇ ਇਤਰਾਜ਼ ਕਰਨਗੇ ਅਤੇ ਇਤਰਾਜ਼ ਵੀ ਕਿਹੋ ਜਿਹਾ, ਸਖਤ ਵਿਰੋਧ ਲਾਲ ਅੱਖਾਂ ਕਰਦਿਆਂ, ਆਯੁਸ਼ ਗੁੱਸੇ ਨਾਲ ਬੋਲਿਆ, “ਇਸ ਉਮਰ ’ਚ ਦੁਲਹਨ ਬਣਦਿਆਂ ਤੈਨੂੰ ਸ਼ਰਮ ਨਹੀਂ ਆਏਗੀ। ਤੁਹਾਡਾ ਕੀ, ਸਭ ਲੋਕ ਸਾਡੇ ’ਤੇ ਹੀ ਤਾਂ ਹੱਸਣਗੇ।‘ ਇੰਨੇ ’ਚ ਹੀ ਦੂਸਰੇ ਕਮਰੇ ਤੋਂ ਉਸ ਦੀ ਪਤਨੀ ਆਈ ਅਤੇ ਚਿਹਰੇ ’ਤੇ ਵਿਅੰਗਮਈ ਮੁਸਕਾਨ ਲਈ ਅੱਖਾਂ ਨਚਾਉਂਦੀ ਹੋਈ ਬੋਲੀ, “ਕੀ ਬੀਬੀਜੀ ਵਿਆਹ ਰਚਾ ਰਹੀ ਹੈ।ਵਾਹ ਲਾਲ ਜੋੜੇ ’ਚ ਖੂਬ ਜਚੇਗੀ, ਬੁੱਢੀ ਘੋੜੀ ਲਾਲ ਲਗਾਮ ” ਇੰਨਾ ਕਹਿ ਕੇ ਆਪਣੀ ਹੀ ਗੱਲ ’ਤੇ ਉਹ ਖੀ-ਖੀ ਕਰਨ ਲੱਗੀ। ਅਨੁਭਵੀਆਂ ਨੂੰ ਲੱਗਾ ਕਿਤੇ ਸਥਿਤੀ ਵਿਗੜ ਨਾ ਜਾਏ, ਇਸ ਲਈ ਸਮਝਾਉਣ ਭਰੇ ਲਹਿਜੇ ਨਾਲ ਬੋਲੀ, “ਬੇਟੀ ਅਸੀਂ ਤੇਰੇ ਦੁਸ਼ਮਣ ਤਾਂ ਨਹੀਂ ਹਾਂ। ਤੈਨੂੰ ਸੁਖੀ ਹੀ ਦੇਖਣਾ ਚਾਹਾਂਗੇ ਪਰ ਸੋਚ ਜਿਵੇਂ ਤੂੰ ਕਹਿ ਰਹੀ ਏਂ, ਦੋ ਬੱਚੇ ਹਨ ਉਸ ਦੇ। ਉਹ ਤੈਨੂੰ ਮਾਂ ਸਵੀਕਾਰ ਨਹੀਂ ਕਰਨਗੇ। ਤੇਰਾ ਬੌਸ ਸਿਰਫ ਉਨ੍ਹਾਂ ਲਈ ਤੇਰੇ ਨਾਲ ਵਿਆਹ ਕਰ ਰਿਹਾ ਹੈ, ਤਾਂ ਉਹ ਤੈਨੂੰ ਉਨ੍ਹਾਂ ਦੀ ਨੌਕਰਾਣੀ ਬਣਾ ਕੇ ਰੱਖੇਗਾ।

ਪਤਨੀ ਦਾ ਦਰਜਾ ਕਦੇ ਨਹੀਂ ਦੇਵੇਗਾ ਅਤੇ ਕੌਣ ਜਾਣੇ ਕੀ ਖੋਟ ਹੈ ਉਸ ’ਚ, ਜੋ ਪਤਨੀ ਐਵੇਂ ਛੱਡ ਕੇ ਭੱਜ ਗਈ।

ਅਦਿਤੀ ਸਮਝ ਗਈ ਕਿ ਇਨ੍ਹਾਂ ਲੋਕਾਂ ਦਾ ਵੱਸ ਚੱਲੇ ਤਾਂ ਇਹ ਉਸ ਨੂੰ ਕਦੇ ਆਪਣਾ ਘਰ ਵਸਾਉਣ ਨਹੀਂ ਦੇਣਗੇ। ਹਰ ਮਹੀਨੇ ਉਸ ਤੋਂ ਉਸ ਦੀ ਮੋਟੀ ਤਨਖਾਹ ਜੋ ਝਟਕ ਲੈਂਦੇ ਹਨ।ਘਰ ਦਾ ਖਰਚ ਅੱਜ ਤਕ ਉਹੀ ਚਲਾਉਂਦੀ ਆਈ ਹੈ।ਸੰਮਯਾ, ਨਿਤਿਆ ਦਾ ਵਿਆਹ ਉਸੇ ਦੀ ਕਮਾਈ ਨਾਲ ਹੋਇਆ ਹੈ। ਆਯੁਸ਼ ਜੋ ਕਮਾਉਂਦਾ ਹੈ, ਉਸ ਨਾਲ ਤਾਂ ਸਿਰਫ ਘਰ ਦਾ ਦੁੱਧ ਅਤੇ ਫਲ, ਸਬਜ਼ੀ ਹੀ ਆਉਂਦੇ ਹਨ। ਇਕ ਉਸ ਨੇ ਪੰਜ ਸਾਲ ’ਚ ਤਿੰਨ ਬੱਚੇ ਪੈਦਾ ਕਰ ਲਏ ਹਨ।

ਇੰਨੇ ’ਚ ਆਯੁਸ਼ ਅੰਦਰ ਪਤਨੀ ਨਾਲ ਕੁਝ ਸਲਾਹ ਕਰਕੇ ਆਇਆ। ਹੁਣ ਉਸ ਨੇ ਆਪਣਾ ਪੈਂਤੜਾਬਦਲਲਿਆ ਸੀ। ਉਸ ਨੂੰ ਇਮੋਸ਼ਨਲੀ ਬਲੈਕਮੇਲ ਕਰਦੇ ਹੋਏ ਕਹਿਣ ਲੱਗਾ, “ਸੋਚਿਆ ਦੀਦੀ, ਪਿੰਟੂ- ਬਬਲੂ ਤੇਰੇ ਨਾਲ ਕਿੰਨਾ ਘੁਲੇ-ਮਿਲੇ ਹੋਏ ਹਨ।ਕੀ ਤੁਸੀਂ ਉਨ੍ਹਾਂ ਤੋਂ ਬਿਨਾਂ ਜਾਂ ਇਹ ਤੁਹਾਡੇ ਬਿਨਾਂ ਰਹਿ ਸਕਣਗੇ ? ਇਸ ਘਰ ’ਚ ਭਲਾ ਤੁਹਾਨੂੰ ਕੀ ਕਸ਼ਟ ਹੈ, ਮਾਂ ਅਤੇ ਤੁਹਾਡੀ ਸ਼ਾਲੂ ਭਾਬੀ ਤੁਹਾਡਾ ਕਿੰਨਾ ਖਿਆਲ ਰੱਖਦੀ ਹੈ।

ਅਸੀਂ ਦੋਵੇਂ ਪਤੀ-ਪਤਨੀ ਆਖਿਰੀ ਦਮ ਤੱਕ ਤੁਹਾਡੀ ਸੇਵਾ ਕਰਾਂਗੇ।‘ “ਹਾਂ ਦੀਦੀ ਸਾਨੂੰ ਛੱਡ ਕੇ ਜਾਣ ਦਾ ਕਦੇ ਨਾ ਸੋਚਣਾ।

ਸਾਨੂੰ ਸਾਰਿਆਂ ਨੂੰ ਤੁਹਾਡੇ ਨਾਲ ਕਿੰਨਾ ਮੋਹ ਹੈ। ਉਸ ਦੀ ਪਤਨੀ ਨਾਟਕੀਪਨ ਨਾਲ ਝੂਠ-ਮੂਠ ਦੇ ਹੰਝੂ ਪੂੰਝਦੀ ਹੋਈ ਬੋਲੀ।

ਇਹ ਦੋਵੇਂ ਤਾਂ ਤੁਹਾਡੇ ’ਤੇ ਜਾਨ ਛਿੜਕਦੇ ਹਨ” ਮਾਂ ਦੇ ਤਰਕਸ਼ ਦਾ ਇਹ ਆਖਿਰੀ ਤੀਰ ਸੀ। ਨਾਲ “ਜਾਨ ਮੇਰੇ ’ਤੇ ਨਹੀਂ, ਮੇਰੇ ਪੈਸਿਆਂ ਤੇ ਛਿੜਕਦੇਹਨ।ਅਦਿਤੀ ਕੋਈ ਨਾਸਮਝ ਬੱਚੀ ਨਹੀਂ ਸੀ, ਉਹ ਸਭ ਸਮਝਦੀ ਸੀ। ਉਸ ਦਾ ਮਨ ਉਨ੍ਹਾਂ ਪ੍ਰਤੀ ਕੜਵਾਹਟ ਭਰ ਗਿਆ। ਉਹ ਬਿਨਾਂ ਕੁਝ ਕਹੇ ਆਪਣੇ ਕਮਰੇ ’ਚ ਚਲੀ ਆਈ।ਬਿਸਤਰ ’ਤੇ ਲੇਟੇ- ਲੇਟੇ ਉਸ ਨੂੰ ਰਹਿ-ਰਹਿ ਕੇ ਅਤੀਤ ਦੀਆਂ ਉਹ ਸਭ ਗੱਲਾਂ ਯਾਦ ਆਉਣ ਲੱਗੀਆਂ। ਸਾਰੇ ਤਾਂ ਕਹਿੰਦੇ ਸਨ ਕਿ ਉਹ ਦੇਖਣ ’ਚ ਬਹੁਤ ਸੁੰਦਰ ਹੈ। ਉਸ ਦੇ ਚਿਹਰੇ ਅਤੇ ਵਿਅਕਤੀਤਵ ’ਚ ਅਜਿਹੀ ਕਸ਼ਿਸ਼ ਹੈ ਕਿ ਦੇਖਣ ਵਾਲੇ ਦੀ ਨਜ਼ਰ ਉਸ ਤੋਂ ਹਟਦੀ ਨਹੀਂ ਹੈ, ਜਿਸ ’ਤੇ ਇਕ ਵਧੀਆ ਜੌਬ ਕਰਕੇ ਢੇਰ ਸਾਰਾ ਪੈਸਾ ਕਮਾਉਣ ਵਾਲੀ। ਉਸ ਦੇ ਲਈ ਘਰ ਬੈਠੇ ਕਈ ਰਿਸ਼ਤੇ ਆਉਂਦੇ ਰਹੇ ਪਰ ਕੋਈ ਨਾ ਕੋਈ ਬਹਾਨਾ ਬਣਾ ਕੇ ਮਾਂ-ਪੁੱਤਰ ਉਨ੍ਹਾਂ ਨੂੰ ਟਾਲ ਦਿੰਦੇ।

ਇਕ ਰਿਸ਼ਤੇ ਲਈ ਤਾਂ ਰਾਣੀ ਮਾਸੀ ਅੜ ਹੀ ਗਈ ਸੀ।ਲੜਕਾ ਉਨ੍ਹਾਂ ਦੇ ਰਿਸ਼ਤੇ ’ਚ ਸੀ। ਅਮਰੀਕਾ ’ਚ ਉਹ ਸਰਜਨ ਸੀ ਅਤੇ ਸਿਰਫ ਵਿਆਹ ਲਈ ਆਪਣੇ ਦੇਸ਼ ਆਇਆ ਸੀ।ਪਿਛਲੇ ਲੱਟੂ ਵਾਰ ਜਦੋਂ ਉਹ ਆਇਆ ਸੀ ਤਾਂ ਅਦਿਤੀ ਨੂੰ ਉਸਨੇ ਮਾਸੀ ਦੇ ਘਰ ਉਨ੍ਹਾਂ ਦੇ ਪੁੱਤਰ ਦੇ ਵਿਆਹ ’ਚ ਦੇਖਿਆ ਸੀ।ਉਹ ਉਸ ’ਤੇ ਅਜਿਹਾ ਹੋਇਆ ਕਿ ਮਾਸੀ ਦੇ ਪੈਰਾਂ ’ਚ ਬੈਠ ਕੇ ਬੋਲਿਆ, “ਭਾਵੇਂ ਜਿਵੇਂ ਵੀ ਹੋਵੇ, ਚਾਚੀ ਤੁਸੀਂ ਇਸ ਲੜਕੀ ਨਾਲ ਮੇਰਾ ਰਿਸ਼ਤਾ ਕਰਵਾ ਦਿਓ। ਤੁਹਾਡਾ ਇਹ ਅਹਿਸਾਨ ਮੈਂ ਕਦੇ ਨਹੀਂ ਭੁੱਲਾਂਗਾ। ਮਾਸੀ ਨੇ ਖੁਦ ਉਸ ਨੂੰ ਇਹ ਸਭ ਦੱਸਿਆ ਸੀ।ਅਦਿਤੀ ਨੂੰ ਵੀ ਉਹ ਲੜਕਾ ਬਹੁਤ ਪਸੰਦ ਸੀ ਪਰ ਮਾਂ-ਪੁੱਤਰ ਨੇ ਜਦੋਂ ਕੋਈ ਬਹਾਨਾ ਨਾ ਮਿਲਿਆ ਤਾਂ ਕੁੰਡਲੀ ਦਾ ਚੱਕਰ ਪਾ ਦਿੱਤਾ।

ਪੰਡਿਤ ਨੂੰ ਝੂਠ ਬੋਲਣ ਦੇ ਲਈ ਮਾਂ ਨੂੰ ਸੌ ਦਾ ਨੋਟ ਦਿੰਦੇ ਸਮੇਂ ਉਸ ਨੇ ਖੁਦ ਦੇਖਿਆ ਸੀ। ਉਸ ਦਿਨ ਉਹ ਫੁੱਟ-ਫੁੱਟ ਕੇ ਰੋਈ ਸੀ।ਉਸ ਦੇ ਆਪਣੇ ਹੀ ਉਸ ਦੇ ਦੁਸ਼ਮਣ ਬਣ ਗਏ ਸਨ।

ਫਿਰ ਦੋਵੇਂ ਛੋਟੀਆਂ ਭੈਣਾਂ ਇਕ-ਇਕ ਕਰਕੇ ਵਿਆਹੀਆਂ ਗਈਆਂ। ਪੁੱਤਰ ਦੇ ਵਿਆਹ ’ਤੇ ਤਾਂ ਮਾਂ ਦਾ ਉਤਸ਼ਾਹ ਦੇਖਦੇ ਹੀ ਬਣਦਾ ਸੀ। ਉਨ੍ਹਾਂ ’ਚ ਜਿਵੇਂ ਫਿਰ ਤੋਂ ਜਵਾਨੀ ਦੀ ਊਰਜਾ ਆ ਗਈ ਸੀ। ਪੋਤੇ-ਪੋਤੀਆਂ ਦੇ ਆ ਜਾਣ ’ਤੇ ਤਾਂ ਮਾਂ ਦਾ ਸੰਸਾਰ ਹੋਰ ਵੀ ਮੁਕੰਮਲ ਹੋ ਗਿਆ ਸੀ। ਅਦਿਤੀ ਨੇ ਮਨ ਹੀ ਮਨ ਫੈਸਲਾ ਲੈ ਲਿਆ ਸੀ।ਉਹ ਸੋਚ ਕੇ ਕਪਾਟ ਬੰਦ ਕਰ ਕੇ ਇਕ ਝਟਕੇ ਨਾਲ ਉੱਠੀ। ਸ਼ੀਸ਼ੇ ’ਚ ਦੇਖ ਕੇ ਵਾਲ ਸਵਾਰੇ। ਸਾੜ੍ਹੀ ਦੀ ਕ੍ਰੀਜ਼ ਠੀਕ ਕੀਤੀ ਅਤੇ ਪਰਸ ਚੁੱਕ ਕੇ ਬਾਹਰ ਨਿਕਲ ਗਈ।

ਘਰੋਂ ਥੋੜ੍ਹੀ ਹੀ ਦੂਰੀ ’ਤੇ ਜਨਤਕ ਟੈਲੀਫੋਨ ਬੂਥ ਸੀ। ਹੁਣ ਉਹ ਸੀਮਾਂਤ ਦਾ ਨੰਬਰ ਡਾਇਲ ਕਰ ਰਹੀ ਸੀ।ਹੈਲੋ … ਸੀਮਾਂਤ, ਮੈਂ ਅਦਿਤੀ…. ਮੈਂ ਤੁਹਾਨੂੰ ਮਿਲਣਾ ਚਾਹੁੰਦੀ ਹਾਂ। ਹਾਂ, ਹੁਣੇ… ਇਸੇ ਸਮੇਂ … ਠੀਕ ਹੈ, ਮਿਲਦੇ ਹਾਂ। ਅਦਿਤੀ ਨੇ ਸਾਹਮਣਿਓਂ ਆਉਂਦੇਥੀ ਵ੍ਹੀਲਰ ਨੂੰ ਰੋਕਿਆ। ਉਹ ਸੀਮਾਂਤ ਤੋਂ ਕੁਝ ਹੀ ਮਿੰਟ ਪਹਿਲਾਂ ਪਹੁੰਚੀ ਸੀ। ਕੋਲਡ ਕੌਫੀ ਸਿਪ ਕਰਦੇ ਹੋਏ ਸੀਮਾਂਤ ਦੀਆਂ ਨਜ਼ਰਾਂ ਅਦਿਤੀ ਦੇ ਚਿਹਰੇ ’ਤੇ ਟਿਕੀਆਂ ਸਨ। ਕੁਝ ਦੇਰ ਦੀ ਖਾਮੋਸ਼ੀ ਉਸ ਨੂੰ ਜਿਵੇਂ ਸੂਲੀ ’ਤੇ ਲਟਕਾਈ ਬੈਠੀ ਸੀ।

ਹਾਂ, ਅਦਿਤੀ, ਤੁਸੀਂ ਕੀ ਫੈਸਲਾ ਕੀਤਾ ਹੈ, ਹੱਕ ’ਚ ਜਾਂ ਵਿਰੋਧ ’ਚ ? ਅਦਿਤੀ ਦੀਆਂ ਅੱਖਾਂ ਪਹਿਲਾਂ ਮੁਸਕਰਾਈਆਂ, ਹੌਲੀ-ਹੌਲੀ ਉਸ ਦੇ ਬੁੱਲ੍ਹਾਂ ’ਤੇ ਮੁਸਕਰਾਹਟ ਫੈਲ ਗਈ, ਹੁਣ ਤੋਂ ਮੈਂ ਪੂਰੀ ਤਰ੍ਹਾਂ ਤੁਹਾਡੀ ਹਾਂ। ਸਿਰਫ ਤੁਹਾਡੀ ਸੀਮਾਂਤ ਦੀ ਰੋਮਾਂਚਕ ਸਥਿਤੀ ਦਾ ਉਹ ਅੰਦਾਜ਼ਾ ਨਹੀਂ ਲਗਾ ਸਕੀ। ਉਸਨੇ ਸੰਘਣੀਆਂ ਰੇਸ਼ਮੀ ਜ਼ੁਲਫਾਂ ਦਾ ਜਾਲ ਆਪਣੀਆਂ ਅੱਖਾਂ ’ਤੇ ਸੁੱਟ ਲਿਆ।

**ਊਸ਼ਾ ਜੈਨ**







# ਉਹ ਬੰਦਿਆ ਜ਼ਿੰਦਗੀ ਜਿਊਣੀ ਤਾਂ ਸਿੱਖ ਲੈ

ਜੇ ਹਰ ਇੱਕ ਨੂੰ ਜ਼ਿੰਦਗੀ ਜਿਊਣ ਦਾ ਢੰਗ, ਸਲੀਕਾ, ਗੁਰ ਜਾਂ ਫੇਰ ਅਦਬ ਆ ਜਾਂਦਾ ਤਾਂ ਇਸ ਦੁਨੀਆ ਦੀ ਤਸਵੀਰ ਹੀ ਹੋਰ ਹੋਣੀ ਸੀ। ਕਿਸੇ ਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ ਹੋਣੀ ਸੀ। ਹੁਣ ਤਾਂ ਸਥਿਤੀ ਇਹ ਹੈ ਕਿ ਅਕਲਮੰਦ ਲੱਭਣੇ ਪੈਂਦੇ ਹਨ, ਮੂਰਖਾਂ ਦੀ ਕਮੀਂ ਕੋਈ ਨਹੀਂ ਹੈ। ਜੇ ਹਰ ਕੋਈ ਜ਼ਿੰਦਗੀ ਜਿਊਣਾ ਜਾਣਦਾ ਹੁੰਦਾ ਤਾਂ ਸਥਿਤੀ ਇਸ ਤੋਂ ਉਲਟ ਹੋਣੀ ਸੀ। ਮੂਰਖ ਲੱਭਣੇ ਹੀ ਨਹੀਂ ਸੀ, ਸਾਰੇ ਅਕਲਮੰਦ ਹੀ ਹੋਣੇ ਸਨ। ਜ਼ਿੰਦਗੀ ਦੀ ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਹਰ ਕੋਈ ਆਪਣੇ ਆਪ ਨੂੰ ਸੁਕਰਾਤ ਸਮਝਦਾ ਹੈ।



ਕੋਈ ਵੀ ਆਪਣੇ ਆਪ ਨੂੰ ਘੱਟ ਅਕਲ ਵਾਲਾ ਮੰਨਣ ਲਈ ਤਿਆਰ ਹੀ ਨਹੀਂ। ਦੁਨੀਆ ਦਾ ਪ੍ਰਸਿੱਧ ਦਾਰਸ਼ਨਿਕ ਬੈਨ ਬਰਨਕੇ ਆਪਣੀ ਨਿਬੰਧਾਂ ਦੀ ਪੁਸਤਕ ਵਿਚ ਲਿਖਦਾ ਹੈ ਕਿ ਉਹ ਵਿਅਕਤੀ ਆਪਣੇ ਸਮਾਜਿਕ ਵਰਤਾਰੇ ਅਤੇ ਦਾਇਰੇ 'ਚ ਹਰਮਨ ਪਿਆਰੇ ਹੁੰਦੇ ਹਨ ਜਿਹੜੇ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ ਇਹ ਸੋਚ ਲੈ ਕੇ ਚੱਲਦੇ ਹਨ ਕਿ ਉਨ੍ਹਾਂ ਨੂੰ ਜ਼ਿੰਦਗੀ 'ਚ ਅਜੇ ਵੀ ਸਿੱਖਣ ਲਈ ਬਹੁਤ ਕੁੱਝ ਪਿਆ ਹੈ। ਜਿਨ੍ਹਾਂ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਹੁੰਦਾ ਹੈ, ਉਨ੍ਹਾਂ ਨੂੰ ਹਰ ਕੋਈ ਮਿਲਣਾ ਚਾਹੁੰਦਾ ਹੈ। ਉਨ੍ਹਾਂ ਦੀ ਜ਼ਿੰਦਗੀ ਖੁੱਲ੍ਹੀ ਕਿਤਾਬ ਹੁੰਦੀ ਹੈ। ਉਹ ਸਪੱਸ਼ਟ ਕਹਿਣਾ ਜਾਣਦੇ ਹੁੰਦੇ ਨੇ ਤੇ ਦੂਜਿਆਂ ਦੀ ਗੱਲਬਾਤ 'ਚ ਵੀ ਸਪੱਸ਼ਟਤਾ ਦੇ ਚਾਹਵਾਨ ਹੁੰਦੇ ਹਨ। ਮੇਰੇ ਪਿੰਡ ਚਾਰ ਭਰਾਵਾਂ ਨੇ ਅੱਡ-ਅੱਡ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਆਪਣੇ ਬੜੇ ਭਰਾ ਨੂੰ ਅਧਿਕਾਰ ਦਿੰਦੇ ਹੋਏ ਕਿਹਾ, 'ਵੀਰ ਜੀ, ਤੁਸੀਂ ਸਾਡੇ 'ਚੋਂ ਸਭ ਤੋਂ ਵੱਡੇ ਹੋ। ਤੁਸੀਂ ਸਾਨੂੰ ਆਪਣੇ ਬੱਚਿਆਂ ਵਾਂਗ ਪਿਆਰ ਕੀਤਾ ਹੈ, ਤੁਸੀਂ ਸਾਨੂੰ ਜੋ ਕੁੱਝ ਦਿਓਗੇ, ਸਾਨੂੰ ਮਨਜ਼ੂਰ ਹੋਵੇਗਾ। ਵੱਡੇ ਭਰਾ ਨੇ ਉਨ੍ਹਾਂ ਨੂੰ ਕਿਹਾ, ਪਹਿਲ ਤੁਹਾਡੀ ਹੈ, ਤੁਸੀਂ ਵੀ ਮੇਰੀ ਬਹੁਤ ਇੱਜ਼ਤ ਕੀਤੀ ਹੈ, ਮਾਂ ਨੂੰ ਛੱਡ ਕੇ ਜਿਸ ਨੂੰ ਜੋ ਚਾਹੀਦਾ ਹੈ, ਲੈ ਲਵੋ। ਪਿੰਡ ਵਿੱਚ ਕਿਸੇ ਨੂੰ ਕੰਨੋ ਕੰਨ ਖ਼ਬਰ ਨਹੀਂ ਹੋਈ ਕਿ ਉਹ ਜੁਦਾ ਹੋ ਗਏ ਹਨ। ਉਨ੍ਹਾਂ ਦੇ ਮੁਹੱਲੇ 'ਚੋਂ ਕਿਸੇ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦਾ ਪਤਾ ਹੀ ਨਹੀਂ ਲੱਗਾ ਕਿ ਉਹ ਜੁਦਾ ਹੋ ਗਏ ਹਨ। ਉਨ੍ਹਾਂ ਨੇ ਉਸ ਪੁੱਛਣ ਵਾਲੇ ਵਿਅਕਤੀ ਨੂੰ ਜਵਾਬ ਦਿੱਤਾ ਕਿ ਅਸੀਂ ਦੂਜਿਆਂ ਵਾਂਗ ਜੁਦਾ ਨਹੀਂ ਹੋਏ ਇਸ ਲਈ ਤੁਹਾਨੂੰ ਸਾਡੇ ਜੁਦਾ ਹੋਣ ਦਾ ਪਤਾ ਨਹੀਂ ਲੱਗਾ।

ਭਰਾਵਾਂ ਦਾ ਇਕ ਦੂਜੇ ਤੋਂ ਅੱਡ ਹੋਣ ਦਾ ਇਹ ਢੰਗ ਹੀ ਜ਼ਿੰਦਗੀ ਜਿਊਣ ਦਾ ਸਲੀਕਾ ਹੈ। ਜ਼ਿੰਦਗੀ ਜਿਊਣ ਦੀਆਂ ਪਰਿਭਾਸ਼ਾਵਾਂ, ਪੁਸਤਕਾਂ, ਪ੍ਰਵਚਨ, ਸੈਮੀਨਾਰ ਅਤੇ ਉਪਦੇਸ਼ ਸਭ ਕੁੱਝ ਬੇਕਾਰ ਹਨ ਜੇਕਰ ਉਨ੍ਹਾਂ ਉੱਤੇ ਅਮਲ ਹੀ ਨਹੀਂ ਕਰਨਾ। ਜਿਹੜਾ ਵਿਅਕਤੀ ਇਹ ਕਹਿੰਦਾ ਹੈ ਕਿ ਮੈਂ ਕਿਸੇ ਤੋਂ ਚੰਗੇ ਅਤੇ ਇਮਾਨਦਾਰ ਹੋਣ ਦਾ ਸਰਟੀਫਿਕੇਟ ਨਹੀਂ ਲੈਣਾ, ਉਹ ਵਿਅਕਤੀ ਜ਼ਿੰਦਗੀ ਜਿਊਣ ਦੇ ਢੰਗ ਤੋਂ ਸੱਖਣਾ ਹੁੰਦਾ ਹੈ ਕਿਉਂਕਿ ਆਪਣੇ ਆਪ ਨੂੰ ਹਰ ਕੋਈ ਚੰਗਾ ਕਹਿੰਦਾ ਹੈ।

ਅਸਲ 'ਚ ਚੰਗਾ ਤਾਂ ਉਹ ਹੈ, ਜਿਸ ਨੂੰ ਲੋਕ ਚੰਗਾ ਕਹਿੰਦੇ ਹੋਣ। ਕਈ ਲੋਕਾਂ ਨੇ ਕਿਤਾਬੀ ਪੜ੍ਹਾਈ ਤਾਂ ਘੱਟ ਹੀ ਕੀਤੀ ਹੁੰਦੀ ਹੈ ਪਰ ਉਨ੍ਹਾਂ ਕੋਲ ਡੂੰਘੀ ਦਿਮਾਗ਼ੀ ਸੂਝ ਬੂਝ ਹੁੰਦੀ ਹੈ। ਉਹ ਜ਼ਿੰਦਗੀ ਜਿਊਣ ਦੇ ਅਰਥਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹੁੰਦੇ ਹਨ। ਕਈ ਲੋਕ ਬਹੁਤ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਉਨ੍ਹਾਂ ਘੱਟ ਪੜ੍ਹੇ ਲਿਖੇ ਲੋਕਾਂ ਦੇ ਮੁਕਾਬਲੇ ਸਮਝਦਾਰ ਨਹੀਂ ਹੁੰਦੇ। ਇੱਕ ਪਿੰਡ 'ਚ ਕਾਫੀ ਪੜ੍ਹੇ ਲਿਖੇ, ਅਮੀਰ ਅਤੇ ਚੱਲਦੇ ਪੁਰਜੇ ਬੰਦੇ ਨੂੰ ਸਧਾਰਨ ਜਿਹੇ ਆਰਥਿਕ ਪੱਖੋਂ ਕਮਜ਼ੋਰ ਬੰਦੇ ਨੇ ਸਰਪੰਚੀ ਦੀ ਚੋਣ 'ਚ ਹਰਾ ਦਿੱਤਾ। ਉਸ ਜਿੱਤੇ ਹੋਏ ਬੰਦੇ ਨੇ ਹਾਰੇ ਹੋਏ ਬੰਦੇ ਨੂੰ ਕਿਹਾ, "ਆਪਾਂ ਜਿੱਤ ਹਾਰ ਦੀ ਗੱਲ ਭੁੱਲ ਕੇ ਪਿੰਡ ਦਾ ਵਿਕਾਸ ਕਰਨਾ ਹੈ। ਉਸ ਹਾਰੇ ਹੋਏ ਬੰਦੇ ਕੋਲ ਪੈਸੇ ਅਤੇ ਪੜ੍ਹਾਈ ਦੀ ਕਮੀਂ ਨਹੀਂ ਸੀ ਪਰ ਉਸ ਕੋਲ ਜ਼ਿੰਦਗੀ ਜਿਊਣ ਦੇ ਗੁਰਾਂ ਦੀ ਘਾਟ ਸੀ। ਉਸ ਹਾਰੇ ਹੋਏ ਬੰਦੇ ਨੇ ਆਪਣੇ ਪਿੰਡ ਦੇ ਆਪਣੇ ਇੱਕ ਖਾਸ ਬੰਦੇ ਨੂੰ ਸਵਾਲ ਕੀਤਾ, ਯਾਰ ਮੈਂ ਸਰਪੰਚੀ ਦੀ ਚੋਣ ਉੱਤੇ ਐਨਾ ਪੈਸਾ ਵੀ ਖ਼ਰਚ ਕੀਤਾ ਪਰ ਪਿੰਡ ਦੇ ਲੋਕਾਂ ਨੇ ਮੈਨੂੰ ਕਿਉਂ ਹਰਾ ਦਿੱਤਾ, ਇਸ ਦਾ ਕਾਰਨ ਮੈਨੂੰ ਸਮਝ ਨਹੀਂ ਆਇਆ।'

ਉਸ ਵਿਅਕਤੀ ਨੇ ਕਿਹਾ, 'ਮਿੱਤਰਾ, ਤੈਨੂੰ ਤੇਰੀ ਅਮੀਰੀ ਅਤੇ ਪੜ੍ਹਾਈ ਦੀ ਆਕੜ ਨੇ ਹਰਾਇਆ ਹੈ। ਤੇਰੇ 'ਚ ਉਹ ਗੁਣ ਨਹੀਂ ਹਨ ਜਿਹੜੇ ਤੇਰੇ ਵਿਰੁੱਧ ਸਰਪੰਚੀ ਲਈ ਖੜ੍ਹੇ ਵਿਅਕਤੀ ਵਿੱਚ ਹਨ।" ਫੁਕਰੇ, ਹੋਛੇ, ਆਕੜਖੋਰ, ਤੰਗਦਿਲ ਮਤਲਬਪ੍ਰਸਤ ਅਤੇ ਦੂਜਿਆਂ ਨੂੰ ਆਪਣੇ ਤੋਂ ਨੀਵਾਂ ਸਮਝਣ ਵਾਲੇ ਲੋਕ ਸਦਾ ਹੀ ਆਲੋਚਨਾ ਦੇ ਪਾਤਰ ਇਸ ਲਈ ਬਣੇ ਰਹਿੰਦੇ ਹਨ ਕਿਉਂਕਿ ਉਹ ਜ਼ਿੰਦਗੀ ਜਿਊਣ ਦੇ ਗੁਣਾਂ ਤੋਂ ਵਿਹੂਣੇ ਹੁੰਦੇ ਹਨ। ਇੱਕ ਅਧਿਆਪਕ ਦੀ ਕਾਲਜ 'ਚੋਂ ਬਦਲੀ ਹੋਣ 'ਤੇ ਕਾਲਜ ਦੇ ਅਧਿਆਪਕਾਂ ਅਤੇ ਬੱਚਿਆਂ ਨੇ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਕਿਉਂਕਿ ਉਹ ਨਾ ਤਾਂ ਕਾਲਜ ਦੇ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦਾ ਸੀ ਤੇ ਨਾ ਹੀ ਆਪਣੇ ਅਧਿਆਪਕ ਸਾਥੀਆਂ ਨੂੰ ਸਿੱਧੇ ਮੂੰਹ ਬੁਲਾਉਂਦਾ ਸੀ। ਜਿਸ ਕਾਲਜ 'ਚ ਉਹ ਬਦਲਕੇ ਗਿਆ, ਉਸ ਕਾਲਜ ਦੇ ਅਧਿਆਪਕਾਂ ਨੇ ਇਹ ਸੋਚਕੇ ਦੁੱਖ ਮਨਾਇਆ ਕਿ ਉਹ ਉਨ੍ਹਾਂ ਦੇ ਕਾਲਜ ਦਾ ਚੰਗਾ ਭਲਾ ਮਾਹੌਲ ਖਰਾਬ ਕਰੇਗਾ। ਉਸ ਨਾਲ ਇਹੋ ਜਿਹਾ ਵਰਤਾਓ ਇਸ ਲਈ ਹੋਇਆ ਕਿਉਂਕਿ ਉਹ ਜ਼ਿੰਦਗੀ ਜਿਊਣ ਦੇ ਗੁਣਾਂ ਤੋਂ ਨਿਗੁਣਾ ਸੀ। ਦੂਜਿਆਂ ਦੀ ਤਰੱਕੀ ਨੂੰ ਵੇਖ ਕੇ ਸੜਨ ਵਾਲੇ ਅਤੇ ਦੂਜਿਆਂ ਦਾ ਬੁਰਾ ਤੱਕਣ ਵਾਲੇ ਲੋਕਾਂ ਨੂੰ ਜ਼ਿੰਦਗੀ ਜਿਊਣ ਦੀ ਸੂਝ ਬੂਝ ਹੋ ਹੀ ਨਹੀਂ ਸਕਦੀ।

ਇਕ ਵੇਰ ਪਿੰਡ ਦੇ ਕੁੱਝ ਮੋਹਤਬਰ ਲੋਕ ਇੱਕ ਸੰਤ ਕੋਲ ਜਾ ਕੇ ਕਹਿਣ ਲੱਗੇ, ਮਹਾਰਾਜ ਅਸੀਂ ਤੁਹਾਡੀ ਬਹੁਤ ਮਹਿਮਾ ਸੁਣੀ ਹੈ,ਸਾਡੇ ਪਿੰਡ ਦਾ ਠਾਕੁਰ ਦਵਾਰਾ ਬਹੁਤ ਵੱਡਾ ਹੈ, ਸਾਡੇ ਠਾਕੁਰ ਦੁਵਾਰੇ ਨੂੰ ਆਮਦਨ ਵੀ ਬਹੁਤ ਹੈ, ਤੁਸੀਂ ਇਸ ਛੋਟੇ ਜਿਹੇ ਸਥਾਨ ਨੂੰ ਛੱਡਕੇ ਸਾਡੇ ਠਾਕੁਰ ਦਵਾਰੇ ਵਿੱਚ ਚੱਲੋ। ਉਹ ਸੰਤ ਹੱਸ ਕੇ ਬੋਲੇ, ਭਲੇ ਪੁਰਖੋ, ਜੇ ਮੈਂ ਛੋਟਾ ਵੱਡਾ ਠਾਕੁਰ ਦਵਾਰਾ ਹੀ ਵੇਖਣਾ ਸੀ ਤਾਂ ਮੈਂ ਆਪਣਾ ਘਰ ਕਿਉਂ ਛੱਡਣਾ ਸੀ। ਮੈਂ ਤਾਂ ਰੱਬ ਦਾ ਨਾਂ ਲੈਣਾ ਹੈ, ਰੱਬ ਤਾਂ ਸਾਰੇ ਥਾਵਾਂ 'ਤੇ ਇਕੋ ਜਿਹਾ ਹੈ। ਉਹ ਬੰਦੇ ਨਿਰਾਸ਼ ਹੋ ਕੇ ਆਪਣੇ ਪਿੰਡ ਨੂੰ ਮੁੜ ਆਏ। ਜ਼ਿੰਦਗੀ ਜਿਊਣ ਦਾ ਸਿੱਧਾ ਹੀ ਮੰਤਰ ਹੈ, ਉਸ ਅਕਾਲ ਪੁਰਖ ਦੀ ਰਜ਼ਾ ਵਿੱਚ ਰਹੋ, ਮਨ ਸਾਫ਼ ਰੱਖੋ, ਧਰਤੀ ਨਾਲ ਜੁੜਕੇ ਰਹੋ। ਮੌਤ ਨੂੰ ਚੇਤੇ ਰੱਖੋ। ਸਭ ਦਾ ਭਲਾ ਤੱਕੋ, ਨੇਕੀ ਕਰੋ, ਹੇਰਾਫੇਰੀਆਂ ਅਤੇ ਛਲਾਵਿਆਂ ਦੇ ਜਾਲ ਵਿਚ ਨਾ ਫਸੋ।

**ਪ੍ਰਿੰ. ਵਿਜੇ ਕੁਮਾਰ**

Learn the signs of stroke

[F]ace is it drooping?
[A]rms can you raise both?
[S]peech is it slurred or jumbled?
[T]ime to call 9-1-1 right away.

Act [F][A][S][T]. Lifesaving treatment begins the second you call 9-1-1.

heartandstroke.ca/punjabi

Heart & Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

[F]ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
[A]rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
[S]peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
[T]ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

[F][A][S][T] ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

# ਪੰਜਾਬ ਹਰਾ ਭਰਿਆ ਕਿਵੇਂ ਕਰੀਏ?



ਪੰਜਾਬ, ਪੰਜ ਦਰਿਆਵਾਂ ਵਾਲੀ ਧਰਤੀ, 50362 ਵਰਗ ਕਿੱਲੋਮੀਟਰ ਦੇ ਭੂਗੋਲਿਕ ਖੇਤਰ ਵਾਲਾ ਭਾਰਤ ਦੇ ਛੋਟੇ ਰਾਜਾਂ ਵਿੱਚੋਂ ਇਕ ਹੈ ਅਤੇ 23 ਜ਼ਿਲ੍ਹੇ, 12,858 ਪਿੰਡ, 234 ਸ਼ਹਿਰੀ/ਕਸਬਿਆਂ ਵਾਲਾ ਰਾਜ ਹੈ ਜਿਸ ਵਿਚ ਜੰਗਲਾਂ ਅਧੀਨ ਰਸਮੀ ਤੌਰ 'ਤੇ 3058 ਵਰਗ ਕਿੱਲੋਮੀਟਰ ਜਾਂ ਕੁੱਲ ਭੂਗੋਲਿਕ ਖੇਤਰ ਦਾ ਲਗਪਗ 6.1% ਰਕਬਾ ਹੈ। ਇਸ ਵਿਚ ਲਗਪਗ ਅੱਧੇ ਜੰਗਲੀ ਖੇਤਰ ਰਾਖਵੇਂ ਸੁਰੱਖਿਅਤ ਜੰਗਲ ਵਜੋਂ ਸੂਚੀਬੱਧ ਹਨ। ਮੁੱਖ ਤੌਰ 'ਤੇ ਪੰਜਾਬ ਵਿਚ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ (ਪੰਜਾਬ ਸਰਕਾਰ) ਪੰਜਾਬ ਵਿਚ ਪੌਦੇ ਲਗਾਉਣ, ਜੰਗਲਾਂ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਇਸ ਦੇ ਦੋ ਵਿੰਗ ਹਨ–ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ। ਜਿੱਥੋਂ ਤੱਕ ਜੰਗਲਾਂ ਦਾ ਸਬੰਧ ਹੈ, ਜੰਗਲਾਤ ਵਿੰਗ ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ 1900 ਨੂੰ ਲਾਗੂ ਕਰ ਕੇ ਪੰਜਾਬ ਰਾਜ ਵਿਚ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।

ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਮੁੱਖ ਜ਼ਿੰਮੇਵਾਰੀ ਪੰਜਾਬ ਵਿਚ ਪੌਦੇ ਲਗਾਉਣ ਲਈ ਸਿਹਤਮੰਦ ਅਤੇ ਚੰਗੀਆਂ ਕਿਸਮਾਂ ਦੇ ਪੌਦੇ ਲਗਾਉਣ ਲਈ ਵਾਜਬ ਕੀਮਤਾਂ 'ਤੇ ਆਮ ਲੋਕਾਂ ਅਤੇ ਸੰਸਥਾਵਾਂ ਨੂੰ ਆਪਣੀਆਂ ਨਰਸਰੀਆਂ ਤੋਂ ਬੂਟੇ ਉਪਲਬਧ ਕਰਵਾਉਣਾ ਹੈ।

ਨਵੇਂ ਪੌਦੇ ਲਗਾਉਣਾ ਅਤੇ ਪੁਰਾਣੇ ਲੱਗੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਨਾਲ ਲੋਕਾਂ ਨੂੰ ਸਾਫ਼ ਹਵਾ, ਸਾਫ਼ ਪਾਣੀ, ਬੈਠਣ ਲਈ ਛਾਂ, ਗਰਮੀ ਤੋਂ ਰਾਹਤ, ਸਥਿਰ ਜਲਵਾਯੂ, ਜੈਵ ਵਿਭਿੰਨਤਾ, ਸਿਹਤ ਵਧਾਉਣਾ, ਸਥਾਨਕ ਭਾਈਚਾਰਾ ਅਤੇ ਉਸਾਰੂ ਸਮਾਜਿਕ ਪ੍ਰਭਾਵ ਪਾਉਣਾ, ਮਕਾਨ ਉਸਾਰੀ ਲਈ ਸਮੱਗਰੀ, ਖਾਣਾ ਪਕਾਉਣ ਲਈ ਬਾਲਣ ਆਦਿ ਉਪਲਬਧ ਕਰਵਾਉਣਾ ਹੈ।

ਹਰੇਕ ਸਾਲ ਬਰਸਾਤੀ ਮੌਸਮ ਸਮੇਂ (ਜੁਲਾਈ, ਅਗਸਤ ਤੇ ਸਤੰਬਰ ਦੌਰਾਨ) ਪੰਜਾਬ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਵਣ ਉਤਸਵ ਮਨਾਉਂਦੇ ਹੋਏ ਬੂਟੇ ਇਸ ਆਸ ਅਤੇ ਮਕਸਦ ਨਾਲ ਲਗਾਏ ਜਾਂਦੇ ਹਨ ਕਿ ਇਹ ਵੱਡੇ ਹੋ ਕੇ ਰੁੱਖ ਬਣਨਗੇ ਜਿਨ੍ਹਾਂ ਦੀ ਛਾਂ ਹੇਠ ਲੋਕ ਆਪਣੇ ਵਿਹਲੇ ਸਮੇਂ ਦੌਰਾਨ ਸੱਥਾਂ ਲਗਾਉਣਗੇ।

ਇਸੇ ਤਰ੍ਹਾਂ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਦੇ ਪਹਿਲੇ ਪੜਾਅ ਦੌਰਾਨ ਇਕ ਲੱਖੇ ਦੇ ਕਰੀਬ ਬੂਟੇ ਚਾਹਵਾਨ ਲੋਕਾਂ ਨੂੰ ਵੰਡੇ ਗਏ। ਜੰਗਲਾਤ ਮੰਤਰੀ, ਪੰਜਾਬ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਵਿਭਾਗ ਵੱਲੋਂ 3 ਕਰੋੜ ਪੌਦੇ ਲਗਾਏ ਜਾ ਰਹੇ ਹਨ। ਭਾਰਤ ਸਰਕਾਰ ਵੱਲੋਂ ਵੀ ਸਾਲ 2016 ਵਿਚ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਵਿਚ ਨਾਗਰਿਕਾਂ ਦੀ ਮਦਦ ਨਾਲ ਇਕ ਦਿਨ ਵਿਚ 50 ਮਿਲੀਅਨ ਪੌਦੇ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਸੀ।

ਰੁੱਖਾਂ ਬਾਰੇ ਪੰਜਾਬੀਆਂ ਵਿਚ ਇਹ ਇਕ ਪ੍ਰਚਲਤ ਵਿਚਾਰ ਹੈ "ਆਇਆ ਸਾਉਣ ਦਾ ਮਹੀਨਾ, ਰੁੱਖ ਲਾਉਣ ਦਾ ਮਹੀਨਾ।" ਪੰਜਾਬ ਦੇ ਲੋਕਾਂ ਨੂੰ ਰੁੱਖਾਂ ਬਾਰੇ ਵਿਲੱਖਣ ਜਾਣਕਾਰੀ ਹੋਣੀ ਚਾਹੀਦੀ ਹੈ। ਆਲਮੀ ਤਪਸ਼ ਦਾ ਇਕ ਮੁੱਖ ਕਾਰਨ ਰੁੱਖਾਂ ਤੇ ਜੰਗਲਾਂ ਦਾ ਤੇਜ਼ੀ ਨਾਲ ਘਟਣਾ ਵੀ ਹੈ। ਜੇ ਮਨੁੱਖ ਨੇ ਸਮਾਂ ਰਹਿੰਦੇ ਹੀ ਆਪਣੀ ਰੁੱਖਾਂ ਨਾਲ ਸਾਂਝ ਨੂੰ ਨਾ ਸਮਝਿਆ ਤਾਂ ਉਸ ਨੂੰ ਅੱਗੇ ਚੱਲ ਕੇ ਬਹੁਤ ਪਛਤਾਉਣਾ ਪਵੇਗਾ।

ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਪੌਦੇ ਲਗਾਉਣੇ, ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹਨ। ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਦੀ ਬੜੀ ਖ਼ੂਬਸੂਰਤੀ ਨਾਲ ਵਿਆਖਿਆ ਕੀਤੀ ਹੈ :

"ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ। ਕੁਝ ਰੁੱਖ ਨੂੰਹਾਂ-ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ। ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ।

ਆਓ! ਫਿਰ ਪੰਜਾਬ ਬਚਾਈਏ, ਪੌਦੇ ਲਗਾਈਏ।

**ਤਰਲੋਚਨ ਸਿੰਘ ਭੱਟੀ**

# ਪੰਜਾਬੀ ਵਿਦਿਆਰਥੀਆਂ ਨੇ ਕੈਨੇਡਾ ਤੋਂ ਮੂੰਹ ਫੇਰਿਆ



**ਸਰੀ:** ਕੈਨੇਡਾ ਵਿੱਚ ਪੜ੍ਹਾਈ ਲਈ ਭਾਰਤੀ ਖ਼ਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਦੀ ਦਿਲਚਸਪੀ ਘਟੀ ਹੈ। ਇਸ ਸਬੰਧੀ ਜਾਣਕਾਰੀ ਉਦੋਂ ਸਾਹਮਣੇ ਆਈ, ਜਦੋਂ ਇਮੀਗ੍ਰੇਸ਼ਨ ਫਰਮਾਂ ਨੇ 2023 ਦੀ ਇਸੇ ਮਿਆਦ ਦੇ ਮੁਕਾਬਲੇ ਜਨਵਰੀ ਤੋਂ ਜੁਲਾਈ ਤੱਕ ਵੀਜ਼ਾ ਅਰਜ਼ੀਆਂ ਵਿੱਚ 25 ਤੋਂ 30 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ।

ਇਸ ਕਮੀ ਦਾ ਕਾਰਨ ਕੈਨੇਡੀਅਨ ਇਮੀਗ੍ਰੇਸ਼ਨ ਨਿਯਮਾਂ ਵਿੱਚ ਹਾਲ ਹੀ ਵਿੱਚ ਹੋਈਆਂ ਤਬਦੀਲੀਆਂ ਹਨ, ਜਿਨ੍ਹਾਂ ਨੇ ਸੰਭਾਵੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਨਿਸ਼ਚਿਤਤਾ ਪੈਦਾ ਕੀਤੀ ਹੈ।

ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਨਵੇਂ ਨਿਯਮਾਂ ਨੇ ਸੰਸਥਾਨਾਂ ਵਿੱਚ ਵਿਸ਼ੇਸ਼ ਪੇਸ਼ੇਵਰ ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਜੀਵਨ ਸਾਥੀ ਲਈ ਸਪਾਊਸਲ ਓਪਨ ਵਰਕ ਪਰਮਿਟਾਂ ਨੂੰ ਸੀਮਤ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਜਨਤਕ-ਨਿੱਜੀ ਭਾਈਵਾਲੀ ਸੰਸਥਾਵਾਂ ਵਿਚ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਰਕ ਪਰਮਿਟ ਦੇ ਖ਼ਾਤਮੇ ਨੇ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਗੁੰਝਲਦਾਰ ਬਣਾ ਦਿੱਤਾ ਹੈ, ਜਿਸ ਨਾਲ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੇ ਕੰਮ ਦੇ ਅਧਿਕਾਰ ਦੀ ਸਥਿਤੀ ਬਾਰੇ ਅਨਿਸ਼ਚਿਤਤਾ ਹੈ।

ਕੈਂਬਰੀਅਨ ਕਾਲਜ, ਕੈਨੇਡਾ ਵਿੱਚ ਭਰਤੀ ਅਤੇ ਵਪਾਰ ਵਿਕਾਸ ਦੇ ਮੈਨੇਜਰ ਮੁਤਾਬਕ ਪਿਛਲੇ ਉਪਾਅ ਜਿਵੇਂ ਕਿ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (ਜੀ.ਆਈ.ਸੀ) ਦੀ ਜ਼ਰੂਰਤ ਨੂੰ 10,000 ਡਾਲਰ ਤੋਂ ਵਧਾ ਕੇ 20,635 ਡਾਲਰ ਕਰਨਾ, 2024 ਲਈ 3,60,000 ਤੱਕ ਸਟੱਡੀ ਪਰਮਿਟਾਂ ਦੀ ਕੈਪਿੰਗ ਅਤੇ ਪ੍ਰੋਵਿੰਸ਼ੀਅਲ ਅਟੈਸਟੇਸ਼ਨ ਲੈਟਰ (ਪੀ.ਏ.ਐਲ) ਦੀ ਸ਼ੁਰੂਆਤ ਦੋਵੇਂ ਸਮਝਣਯੋਗ ਸਨ। ਇਹ ਉਪਾਅ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕੈਨੇਡੀਅਨ ਸਰਕਾਰ ਦੋਵਾਂ ਲਈ ਫ਼ਾਇਦੇਮੰਦ ਸਨ ਪਰ,ਵਰਕ ਪਰਮਿਟਾਂ ਬਾਰੇ ਹਾਲ ਹੀ ਵਿੱਚ ਕੀਤੀਆਂ ਰੈਗੂਲੇਟਰੀ ਤਬਦੀਲੀਆਂ ਨੇ ਮਹੱਤਵਪੂਰਨ ਉਲਝਣ ਪੈਦਾ ਕਰ ਦਿੱਤੀ।

# ਬੰਗਲਾਦੇਸ਼ 'ਚ ਭੀੜ ਨੇ 'ਹਿੰਦੂ ਮੰਦਰਾਂ' 'ਤੇ ਕੀਤਾ ਹਮਲਾ




ਬੰਗਲਾਦੇਸ਼ ਦੀ ਰਾਜਧਾਨੀ ਵਿਚ ਇੱਕ ਬੇਕਾਬੂ ਭੀੜ ਨੇ ਇੱਕ ਭਾਰਤੀ ਸੱਭਿਆਚਾਰਕ ਕੇਂਦਰ ਵਿਚ ਭੰਨਤੋੜ ਕੀਤੀ ਅਤੇ ਦੇਸ਼ ਭਰ ਵਿਚ ਚਾਰ ਹਿੰਦੂ ਮੰਦਰਾਂ ਨੂੰ ਮਾਮੂਲੀ ਨੁਕਸਾਨ ਪਹੁੰਚਾਇਆ। ਚਸ਼ਮਦੀਦਾਂ ਅਤੇ ਭਾਈਚਾਰੇ ਦੇ ਆਗੂਆਂ ਨੇ ਇਹ ਜਾਣਕਾਰੀ ਦਿੱਤੀ। ਹਿੰਦੂ-ਬੋਧ-ਈਸਾਈ ਏਕਤਾ ਕੌਂਸਲ ਦੀ ਆਗੂ ਕਾਜੋਲ ਦੇਬਨਾਥ ਨੇ ਕਿਹਾ ਕਿ ਉਨ੍ਹਾਂ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਦੇਸ਼ ਭਰ ਵਿਚ ਘੱਟੋ-ਘੱਟ ਚਾਰ ਹਿੰਦੂ ਮੰਦਰਾਂ ਨੂੰ ਨੁਕਸਾਨ ਪਹੁੰਚਿਆ ਹੈ।

ਬੰਗਲਾਦੇਸ਼ ਦੀ ਰਾਜਧਾਨੀ ਦੇ ਧਨਮੰਡੀ ਖੇਤਰ ਵਿਚ ਸਥਿਤ ਇੰਦਰਾ ਗਾਂਧੀ ਕਲਚਰਲ ਸੈਂਟਰ (ਆਈਜੀਸੀਸੀ) ਅਤੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਨੂੰ ਸੋਮਵਾਰ ਨੂੰ ਬੇਕਾਬੂ ਭੀੜ ਨੇ ਨੁਕਸਾਨ ਪਹੁੰਚਾਇਆ। ਢਾਕਾ ਟ੍ਰਿਬਿਊਨ ਅਖਬਾਰ ਨੇ ਰਿਪੋਰਟ ਦਿੱਤੀ ਕਿ ਸੋਮਵਾਰ ਦੁਪਹਿਰ ਨੂੰ ਪ੍ਰਦਰਸ਼ਨਕਾਰੀਆਂ ਨੇ ਢਾਕਾ ਵਿਚ ਕਈ ਪ੍ਰਮੁੱਖ ਸਥਾਨਾਂ ਨੂੰ ਅੱਗ ਲਗਾ ਦਿੱਤੀ, ਜਿਸ ਵਿਚ ਧਨਮੰਡੂ 32 ਸਥਿਤ ਬੰਗਬੰਧੂ ਭਵਨ ਵੀ ਸ਼ਾਮਲ ਹੈ, ਜਿਸਨੂੰ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਵੀ ਕਿਹਾ ਜਾਂਦਾ ਹੈ।

ਅਜਾਇਬ ਘਰ ਹਸੀਨਾ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਨੂੰ ਸਮਰਪਿਤ ਹੈ, ਜਿਨ੍ਹਾਂ ਦੀ 1975 ਵਿੱਚ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਹ ਰਾਸ਼ਟਰਪਤੀ ਸਨ। ਇਹ ਘਟਨਾਕ੍ਰਮ ਅਜਿਹੇ ਸਮੇਂ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਵੱਡੇ ਵਿਰੋਧ ਪ੍ਰਦਰਸ਼ਨਾਂ ਦੇ ਚੱਲਦਿਆਂ ਬੰਗਲਾਦੇਸ਼ ਛੱਡ ਕੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਫੌਜ ਮੁਖੀ ਜਨਰਲ ਵਕਾਰ-ਉਜ਼-ਜ਼ਮਾਨ ਨੇ ਐਲਾਨ ਕੀਤਾ ਕਿ ਅੰਤਰਿਮ ਸਰਕਾਰ ਬਣਾਈ ਜਾ ਰਹੀ ਹੈ ਅਤੇ ਪ੍ਰਦਰਸ਼ਨਕਾਰੀਆਂ ਨੂੰ ਹਿੰਸਾ ਰੋਕਣ ਦੀ ਅਪੀਲ ਕੀਤੀ।

# ਇੰਝ ਵੀ ਹੁੰਦੈ

## ਵਿਲੱਖਣ 'ਡਾਈ ਆਈਸ ਭਾਵ 'ਸੁੱਕੀ ਬਰਫ'



ਬਰਫ ਦਾ ਨਾਂ ਸੁਣਦੇ ਹੀ ਸਾਡੇ ਦਿਮਾਗ 'ਚ ਪਾਣੀ, ਦੁੱਧ ਜਾਂ ਹੋਰ ਤਰਲ ਪਦਾਰਥਾਂ ਦੀ ਠੋਸ ਅਵਸਥਾ ਤਸਵੀਰ ਦੇ ਰੂਪ 'ਚ ਉਭਰਨ ਲੱਗਦੀ ਹੈ, ਜਿਸ ਨੂੰ ਅਸੀਂ ਬਹੁਤ ਸੁਆਦ ਨਾਲ ਖਾਂਦੇ ਹਾਂ ਪਰ ਸੁੱਕੀ ਬਰਫ ਦਾ ਪਾਣੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਅਸਲ 'ਚ ਸੁੱਕੀ ਬਰਫ ਹੋਰ ਕੁਝ ਨਹੀਂ, ਸਗੋਂ ਠੋਸ ਬਣਾਈ ਗਈ ਕਾਰਬਨਡਾਈ ਆਕਸਾਈਡ ਗੈਸ ਦਾ ਦੂਸਰਾ ਨਾਂ ਹੈ। ਇਸ ਦੀ ਸ਼ਕਲ ਪਾਣੀ ਦੀ ਬਰਫ ਨਾਲ ਕਾਫੀ ਮਿਲਦੀ-ਜੁਲਦੀ ਹੈ ਪਰ ਇਹ ਨਾ ਤਾਂ ਖਾਧੀ ਜਾਂਦੀ ਹੈ ਅਤੇ ਨਾ ਹੀ ਇਸ ਨਾਲ ਕੱਪੜੇ ਭਿੱਜਦੇ ਹਨ। ਠੋਸ ਕਾਰਬਨ-ਡਾਈਆਕਸਾਈਡ ਨੂੰ ਸੁੱਕੀ ਬਰਫ ਇਸ ਲਈ ਕਹਿੰਦੇ ਹਨ, ਕਿਉਂਕਿ ਆਮ ਬਰਫ ਵਾਂਗ ਇਹ ਤਰਲ ਰੂਪ 'ਚ ਤਬਦੀਲ ਨਹੀਂ ਹੁੰਦੀ, ਸਗੋਂ ਠੋਸ ਤੋਂ ਸਿੱਧੀ ਗੈਸ 'ਚ ਤਬਦੀਲ ਹੋ ਜਾਂਦੀ ਹੈ।

ਕਿਵੇਂ ਬਣਦੀ ਹੈ ਸੁੱਕੀ ਬਰਫ:

ਸੁੱਕੀ ਬਰਫ ਬਣਾਉਣ ਲਈ ਕਾਰਬਨ ਡਾਈ ਆਕਸਾਈਡ ਗੈਸ ਨੂੰ ਮਿੱਟੀ ਦਾ ਤੇਲ ਜਾਂ ਹੋਰ ਪੈਟ੍ਰੋਲੀਅਮ ਪਦਾਰਥਾਂ ਨੂੰ ਸਾੜ ਕੇ ਪ੍ਰਾਪਤ ਕੀਤਾ ਜਾਂਦਾ ਹੈ।ਉਂਝ ਕਦੇ-ਕਦੇ ਚੂਨੇ ਦੀਆਂ ਭੱਠੀਆਂ ਜਾਂ ਅਲਕੋਹਲ ਬਣਾਉਣ ਦੇ ਕਾਰਖਾਨਿਆਂ ਤੋਂ ਵੀ ਗੈਸ ਪ੍ਰਾਪਤ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਨਾਲ ਪ੍ਰਾਪਤਕਾਰਬਨਡਾਈਆਕਸਾਈਡ ਗੈਸ ਨੂੰ ਕਾਸਟਿਕ ਸੋਡਾ, ਸਰਗਰਮ

ਤਾਰਕੋਲ 'ਚੋਂ ਲੰਘਾ ਕੇ ਸ਼ੁੱਧ ਕਰ ਲਿਆ ਜਾਂਦਾ ਹੈ।

ਫਿਰ ਸ਼ੁੱਧ ਕਾਰਬਨਡਾਈ ਆਕਸਾਈਡ 'ਤੇ ਭਾਰੀ ਦਬਾਅ ਪਾਇਆ ਜਾਂਦਾ ਹੈ, ਜਿਸ ਨਾਲ ਇਹ ਠੋਸ ਬਣ ਜਾਂਦੀ ਹੈ ਅਤੇ ਇਹੀ ਠੋਸਕਾਰਬਨਡਾਈ ਆਕਸਾਈਡ ਗੈਸ ਸੁੱਕੀ ਬਰਫ ਅਖਵਾਉਂਦੀ ਹੈ।

ਵਿਸ਼ੇਸ਼ਤਾ ਇਹ ਬਹੁਤ ਠੰਡੀ ਹੁੰਦੀ ਹੈ ਪਰ ਸਰੀਰ ਦੇ ਸੰਪਰਕ 'ਚ ਆਉਣ 'ਤੇ ਤੇਜ਼ ਜਲਨ ਹੁੰਦੀ ਹੈ। ਇਹੀ ਕਾਰਨ ਹੈ ਕਿ ਇਸ ਨੂੰ ਹੱਥ ਦੀ ਬਜਾਏ ਆਦਿ ਨਾਲ ਉਠਾਇਆ ਅਤੇ ਰੱਖਿਆ ਜਾਂਦਾ ਹੈ। ਆਮ ਬਰਫ ਦੀ ਤੁਲਨਾ ਚ ਇਹ ਚਾਰ-ਗੁਣਾ ਗਰਮੀ ਖਤਮ ਕਰਦੀ ਹੈ, ਇਸ ਲਈ ਇਸ ਦੀ ਘੱਟ ਖਪਤ ਹੁੰਦੀ ਹੈ।

ਇਸ ਦੀ ਵਰਤੋਂ ਇਹ ਮੁੱਖ ਰੂਪ ਨਾਲ ਬਰਫ ਜਮਾਉਣ ਦੀ ਫੈਕਟਰੀ 'ਚ ਵਰਤੀ ਜਾਂਦੀ ਹੈ। ਕਮਰਿਆਂ ਨੂੰ ਠੰਡਾ ਕਰਨ ਲਈ ਵੀ ਇਹ ਉਪਯੋਗੀ ਹੈ।

## ਸਭ ਤੋਂ ਵੱਡਾ ਲੌਲੀਪੋਪ



ਲੌਲੀਪੌਪ ਭਾਵ ਇਕ ਅਜਿਹੀ ਟੌਫੀ, ਜੋ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਨੂੰ ਪਸੰਦ ਹੈ। ਭਾਰਤ ਸਮੇਤ ਦੁਨੀਆ ਭਰ ਦੇ ਕਈ ਦੇਸ਼ਾਂ 'ਚ ਲੌਲੀਪੌਪ ਦਾ ਖੂਬ ਕ੍ਰੇਜ਼ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਦਾ ਸਭ ਤੋਂ ਵੱਡੀ ਲਾਲੀਪੌਪ ਕਿਸ ਨੇ ਅਤੇ ਕਿਥੇ ਬਣਾਇਆ ਸੀ।

ਲੌਲੀਪੌਪ ਬੱਚਿਆਂ ਨੂੰ ਨਹੀਂ ਸਗੋਂ ਵੱਡਿਆਂ ਨੂੰ ਵੀ ਪਸੰਦ ਹੈ। 20 ਜੁਲਾਈ ਦੇ ਦਿਨ ਨੂੰ ਪੂਰੀ ਦੁਨੀਆ 'ਚ ਲੌਲੀਪੌਪ ਡੇਅ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਦਾ ਸਭ ਤੋਂ ਵੱਡਾ ਲੌਲੀਪੌਪ ਕਿਸ ਦੇਸ਼ 'ਚ ਹੈ। ਕਿਸ ਦੇਸ਼ ਦੀ ਹੈ ਦੇਣ ਸਭ ਤੋਂ ਪਹਿਲਾਂ ਜਾਣਦੇ ਹਾਂ ਕਿ ਲੌਲੀਪੌਪ ਕਿਸ ਦੇਸ਼ ਤੋਂ ਆਇਆ ਹੈ। ਲੌਲੀਪੌਪ ਦੀ ਦੀਵਾਨਗੀ ਪ੍ਰਾਚੀਨ ਸਮੇਂ ਤੋਂ ਅਫਰੀਕੀ ਲੋਕਾਂ 'ਚ ਸੀ।ਉਸ ਸਮੇਂ ਉਹ ਇਸ ਨੂੰ ਫਲ, ਅਖਰੋਟ ਅਤੇ ਸ਼ਹਿਦ ਦੀ ਮਦਦ ਨਾਲ ਬਣਾਉਂਦੇ ਸਨ ਅਤੇ ਇਸ ਨੂੰ ਬਣਾਉਣ ਲਈ ਪੂਰੀ ਤਰ੍ਹਾਂ ਨਾਲ ਕੁਦਰਤੀ ਚੀਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ। ਲੌਲੀਪੌਪ ਹੋਂਦ 'ਚ 17ਵੀਂ ਸ਼ਤਾਬਦੀ 'ਚ ਹੀ ਆਗਿਆ ਸੀ।

ਉਸ ਸਮੇਂ ਖੰਡ ਨੂੰ ਉਬਾਲ ਕੇ ਇਸ ਨੂੰ ਬਣਾਇਆ ਕਰਦੇ ਸਨ।ਉਸ ਸਮੇਂ ਲੌਲੀਪੌਪ ਨੂੰ ਫੜਣ ਦੇ ਲਈ ਇਕ ਪਤਲੀ ਜਿਹੀ ਡੰਡੀ ਦੀ ਵਰਤੋਂ ਕੀਤੀ ਜਾਂਦੀ ਸੀ, ਜਿਸ ਨਾਲ-ਹੌਲੀ-ਹੌਲੀ ਲੌਲੀ ਪੌਪ ਖਾਧਾ ਜਾ ਸਕੇ।

ਜਾਣਕਾਰੀ ਦੇ ਮੁਤਾਬਕ ਲੌਲੀਪੌਪ ਬਣਾਉਣ ਦੀ ਪਹਿਲੀ ਮਸ਼ੀਨ 1908 'ਚ ਬਣੀ ਸੀ।ਇਸ ਦੀ ਖੋਜ ਤੋਂ ਬਾਅਦ ਲੌਲੀਪੌਪ ਬਣਾਉਣਾ ਬਹੁਤ ਆਸਾਨ ਹੋ ਗਿਆ ਸੀ। ਇਹ ਮਸ਼ੀਨ ਇਕ ਘੰਟੇ 'ਚ 2 ਹਜ਼ਾਰ ਲੌਲੀਪੌਪ ਤਿਆਰ ਕਰ ਦਿੰਦੀ ਸੀ੍ਰ ਮਸ਼ੀਨ ਦੀ ਖੋਜ ਤੋਂ ਬਾਅਦ ਹੌਲੀ-ਹੌਲੀ ਲੌਲੀਪੌਪ 'ਚ ਫਲੇਵਰ ਦੀ ਵਰਤੋਂ ਹੋਣ ਲੱਗੀ ਸੀ, ਜਿਸ ਤੋਂ ਬਾਅਦ ਅੱਗੇ ਚੱਲ ਕੇ ਇਕ ਲੌਲੀਪੌਪ 'ਚ ਦੋ ਫਲੇਵਰਾਂ ਦੀ ਵੀ ਵਰਤੋਂ ਕੀਤੀ ਜਾਣ ਲੱਗੀ ਸੀ। ਇਸ ਲੌਲੀ ਪੌਪ ਨੂੰ ਪਸੰਦ ਕਰਨ ਵਾਲਿਆਂ ਦੀ ਤੇਜ਼ੀ ਨਾਲ ਗਿਣਤੀ 'ਚ ਨਾਲ ਵਾਧਾ ਹੋਇਆ ਸੀ।

2012 ਦੇ ਅਮਰੀਕਾ ਕੈਲੀਫੋਰਨੀਆ 'ਚ ਸਭ ਤੋਂ ਵੱਡਾ ਲੌਲੀ ਪੰਪ ਬਣਾਇਆ ਗਿਆ ਸੀ।ਇਸ ਨੂੰ ਇਕ ਚਾਕਲੇਟ ਬਣਾਉਣ ਵਾਲੀ ਕੰਪਨੀ ਨੇ ਬਣਾਇਆ ਸੀ।ਇਸ ਲੌਲੀਪੌਪ ਦਾ ਭਾਰ 3176.5 ਕਿਲੋ ਸੀ ਅਤੇ ਲੰਬਾਈ 4 ਫੁੱਟ 8.75 ਇੰਚ ਅਤੇ ਉੱਚਾਈ 5 ਫੁੱਟ 11 ਇੰਚ ਸੀ।

ਇਸ 'ਚ 11 ਫੁੱਟ 10 ਇੰਚ ਲੰਬੀ ਸਟਿਕ ਲਗਾਈ ਗਈ ਸੀ। ਇਸ ਨੂੰ ਸਾਲਵਾਡੋਰ ਡਾਲੀ ਨਾਂ ਦੇ ਇਕ ਵਿਅਕਤੀ ਨੇ ਬਣਾਇਆ ਸੀ। ਅੱਜ ਟੈਸਟੀ ਰੋਲ ਦੁਨੀਆ 'ਚ ਸਭ ਤੋਂ ਵਧ ਲੌਲੀਪੌਪ ਬਣਾਉਂਦੀ ਹੈ।ਇਹਕੰਪਨੀ ਹਰ ਰੋਜ਼ ਲਗਭਗ 16 ਕਰੋੜ ਲੌਲੀਪੌਪ ਮਾਰਕੀਟ 'ਚ ਲੋਕਾਂ ਤਕ ਪਹੁੰਚਾਉਂਦੀ ਹੈ। ਸਭ ਤੋਂ ਵੱਡੇ ਲੌਲੀਪੌਪ ਨੂੰ ਜੇਕਰ ਕੋਈ ਵਿਅਕਤੀ ਇਕੱਲੇ ਖਤਮ ਕਰਨਾ ਚਾਹੇਗਾ, ਤਾਂ ਉਸ ਨੂੰ 1 ਮਹੀਨੇ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ।

## ਪਤਨੀ ਨੂੰ 33 ਵਾਰ ਚਾਕੂ ਮਾਰ ਕੇ ਹੱਤਿਆ ਕਰਨ ਵਾਲੇ ਪਤੀ ਨੂੰ ਮੌਤ ਦੀ ਸਜ਼ਾ

ਓਡਿਸ਼ਾ ਦੀ ਰਾਜਧਾਨੀ ਭੁਵਨੇਸ਼ਵਰ ਦੀ ਇਕ ਅਦਾਲਤ ਨੇ ਇਕ ਵਿਅਕਤੀ ਨੂੰ 2 ਸਾਲ ਪਹਿਲਾਂ ਆਪਣੀ ਪਤਨੀ ਦੀ ਚਾਕੂ ਮਾਰ ਕੇ ਹੱਤਿਆ ਕਰਨ ਅਤੇ ਆਪਣੀ 6 ਸਾਲਾ ਧੀ ਦਾ ਗਲਾ ਵੱਢ ਕੇ ਹੱਤਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਦੋਸ਼ੀ ਸੰਜੀਤ ਦਾਸ (46) ਨੇ 9 ਜੂਨ, 2022 ਨੂੰ ਇਹ ਅਪਰਾਧ ਕੀਤਾ ਸੀ।

ਉਸ ਨੇ ਭੁਵਨੇਸ਼ਵਰ ਦੇ ਘਟੀਕੀਆ ਇਲਾਕੇ 'ਚ ਸਥਿਤ ਘਰ 'ਚ ਆਪਣੀ ਪਤਨੀ ਸਰਸਵਤੀ ਦੀ 33 ਵਾਰ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਨਿੱਜੀ ਹਸਪਤਾਲ 'ਚ ਹੈੱਡ ਨਰਸ ਵਜੋਂ ਕੰਮ ਕਰਨ ਵਾਲੀ ਸਰਸਵਤੀ ਨੇ ਹੱਤਿਆ ਤੋਂ ਕੁਝ ਦਿਨ ਪਹਿਲਾਂ ਹੀ ਦੂਜੀ ਬੇਟੀ ਨੂੰ ਜਨਮ ਦਿੱਤਾ ਸੀ। ਅਦਾਲਤ ਨੇ ਫੈਸਲਾ ਸੁਣਾਉਂਦੇ ਹੋਏ ਇਸ ਅਪਰਾਧ ਨੂੰ 'ਦੁਰਲੱਭ' ਸ਼੍ਰੇਣੀ 'ਚ ਰੱਖਿਆ ਅਤੇ ਕਿਹਾ ਕਿ ਅਜਿਹੀ ਸਥਿਤੀ 'ਚ ਦੋਸ਼ੀ ਪ੍ਰਤੀ ਕੋਈ ਢਿੱਲ ਨਹੀਂ ਦਿਖਾਈ ਜਾਣੀ ਚਾਹੀਦੀ।

## EVENTS

**South Asian Adults & Seniors - New Game for Senior Members - Ladder Toss Balls ( Bolas) Game,**
**New Game at Shanti Niketan hall on May 5th 2024 (Sunday) from 2,00 pm to 3.30 pm.**

**High Lighted Event in May 2024, Vedic Seniors Parivar Centre of Vedic Hindu Cultural Society of BC, is going to celebrate Mother's Day & Group Birthday of Senior Members on May 13th 2024 (Monday) from 10.00 am to 1.00 pm at Shanti Niketan hall of Lakshmi Narayan Mandir Surrey BC. Group Birthday of Senior Members, born between 27th December to 13th May will be celebrated. The new members are requested to inform the Coordinator about their Date of birth for records. There will be no Yoga session on May 13th 2024 (Monday) to carry on celebration.**

**Vedic Seniors Parivar Centre of Vedic Hindu Cultural Society of BC invites South Asian Adults & Senior members to practice the New Game which we have purchased, Ladder Toss Balls ( Bolas ) Game. This game is designed to engage Seniors in activities of sports and the exercise. Two Ladders & 6 Balls ( Bolas 3 Blue & 3 Red ) are easy to throw & tricky to aim the Tossing makes a challenge that turns outdoor gathering or inside gathering an excitement. Two Ladders are placed at a distance of 15 feet facing one another. The players take turns Tossing Balls (Bolas ) at the Ladders, attempting to loop them around the Ladder Rungs. 3 points for looping the Top Ladder Rung, 2 points for looping the middle Ladder Rung and 1 point for looping the bottom Ladder Rung. The player who scores the maximum ( 21 Points ) in 3 Tossing's, is a winner and will be given a treat. The game will start on May 5th 2024 (Sunday) from 2.00 pm to 3.30 pm at Shanti Niketan hall of Lakshmi Narayan Temple 8321 - 140th street Surrey V3W 5K9 BC. Some of the seniors can engage themselves with Playing Cards for keeping the brain active & healthy. Tea and light snacks will be served to members after the game is over. Please keep social distance to protect yourself and others.**

**In Person Yoga Classes will continue for members only at Shanti Niketan hall every Monday and every Thursday by expert Yoga Instructor Mr. Ashwani Bansal from 10.00 am to 11.30 am both the days and will also help to make sure all seniors are doing correct Yoga. All members should place the yoga mat, to keep the social distance from other members. Please remember Pure vegetarian Lunch is being served in the dining hall of the Temple to all seniors every Thursday at around 11.30 am after the yoga class. Project funded by Government of Canada's New Horizons for Seniors Program for Hindi speaking seniors. Please contact Surendra Handa Coordinator Vedic Seniors Parivar Centre Lakshmi Narayan Temple 8321 - 140th street Surrey BC, and also Coordinator APNI South Asian Community Response Networks Surrey BC, Tel. 604 - 507 - 9945 for registration and further details.**

SURREY DENTAL CARE

604-200-3993

*Open Monday to Friday 10- 6 pm*

# We'll Take Care Of Your Teeth



**General**
- Exams/Cleaning
- Dental Sealants
- Root Canals
- Crowns/Caps
- Duentures
- Gum Disease

**Cosmetic**
- Teeth Whitening
- Veneers
- Smile Design

**Surgical**
- Wisdom Teeth
- Implants

**High-Tech Exam**
- Dignodent
- Digital X-Rays
- Intra-Oral Camera

**206 - 15230 56 Ave (HWY 10) V3S 5K7**

**info@surreydentalcare.ca**



# ਅਰਬਪਤੀਆਂ ਦੀ ਜਾਇਦਾਦ 'ਚ ਗਿਰਾਵਟ ਦਾ ਰਿਕਾਰਡ, ਝਟਕੇ 'ਚ ਡੁੱਬੇ 1.20 ਲੱਖ ਕਰੋੜ

**ਦਿੱਲੀ:** ਫੋਰਬਸ ਰੀਅਲ ਟਾਈਮ ਅਰਬਪਤੀਆਂ ਦੇ ਅੰਕੜਿਆਂ ਮੁਤਾਬਕ ਦੇਸ਼ ਦੇ ਚੋਟੀ ਦੇ 10 ਅਰਬਪਤੀਆਂ ਦੀ ਦੌਲਤ ਨੂੰ 1.20 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਦੇਸ਼ ਦੇ ਸਭ ਤੋਂ ਵੱਡੇ ਅਰਬਪਤੀਆਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦੀ ਦੌਲਤ ਨੂੰ 72,000 ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ।

ਅਡਾਨੀ ਦੀ ਦੌਲਤ 'ਚ 40,000 ਕਰੋੜ ਰੁਪਏ ਤੋਂ ਵੱਧ ਦੀ ਕਮੀ ਆਈ ਹੈ।

1. ਮੁਕੇਸ਼ ਅੰਬਾਨੀ ਦੀ ਕੁੱਲ ਨੈੱਟਵਰਥ 'ਚੋਂ 3.8 ਬਿਲੀਅਨ ਡਾਲਰ ਭਾਵ 32,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਹੁਣ ਉਨ੍ਹਾਂ ਦੀ ਕੁੱਲ ਨੈੱਟਵਰਥ 112.1 ਅਰਬ ਡਾਲਰ ਰਹਿ ਗਈ ਹੈ।

2. ਗੌਤਮ ਅਡਾਨੀ ਦੀ ਦੌਲਤ 4.8 ਅਰਬ ਡਾਲਰ ਭਾਵ 40,000 ਕਰੋੜ ਰੁਪਏ ਤੋਂ ਵੱਧ ਘੱਟ ਹੋਈ ਹੈ। ਇਸ ਸਮੇਂ ਅਡਾਨੀ ਦੀ ਨੈੱਟਵਰਥ 84.1 ਅਰਬ ਡਾਲਰ ਰਹਿ ਗਈ ਹੈ।

3. ਸਾਵਿਤਰੀ ਜਿੰਦਲ ਅਤੇ ਉਸ ਦੇ ਪਰਿਵਾਰ ਨੂੰ 1.8 ਅਰਬ ਡਾਲਰ ਭਾਵ 15,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਹੁਣ ਉਨ੍ਹਾਂ ਦੀ ਕੁੱਲ ਜਾਇਦਾਦ 37.8 ਅਰਬ ਡਾਲਰ ਰਹਿ ਗਈ ਹੈ।

4. ਤਕਨੀਕੀ ਦਿੱਗਜ ਸ਼ਿਵ ਨਾਡਰ ਨੂੰ ਕੁੱਲ ਨੈੱਟਵਰਥ ਤੋਂ 941 ਮਿਲੀਅਨ ਡਾਲਰ ਭਾਵ 7900 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਹੁਣ ਉਨ੍ਹਾਂ ਦੀ ਕੁੱਲ ਨੈੱਟਵਰਥ 35 ਬਿਲੀਅਨ ਡਾਲਰ ਰਹਿ ਗਈ ਹੈ।

5. ਦਿਲੀਪ ਸਾਂਘਵੀ ਦੀ ਦੌਲਤ 278 ਮਿਲੀਅਨ ਡਾਲਰ ਭਾਵ 2,300 ਕਰੋੜ ਰੁਪਏ ਤੋਂ ਵੱਧ ਘਟੀ ਹੈ। ਇਸ ਸਮੇਂ ਉਨ੍ਹਾਂ ਦੀ ਕੁੱਲ ਜਾਇਦਾਦ 28.3 ਅਰਬ ਡਾਲਰ ਰਹਿ ਗਈ ਹੈ।

6. ਸਾਇਰਸ ਪੂਨਾਵਾਲਾ ਦੀ ਦੌਲਤ 'ਚ 95 ਮਿਲੀਅਨ ਡਾਲਰ ਭਾਵ ਕਰੀਬ 800 ਕਰੋੜ ਰੁਪਏ ਦੀ ਕਮੀ ਆਈ ਹੈ। ਇਸ ਸਮੇਂ ਉਨ੍ਹਾਂ ਦੀ ਕੁੱਲ ਜਾਇਦਾਦ 23.2 ਅਰਬ ਡਾਲਰ ਰਹਿ ਗਈ ਹੈ।

7. ਕੁਮਾਰ ਮੰਗਲਮ ਬਿਰਲਾ ਦੀ ਦੌਲਤ 778 ਮਿਲੀਅਨ ਡਾਲਰ ਭਾਵ 6500 ਕਰੋੜ ਰੁਪਏ ਤੋਂ ਵੱਧ ਘੱਟ ਗਈ ਹੈ। ਬਿਰਲਾ ਦੀ ਕੁੱਲ ਜਾਇਦਾਦ 22.5 ਅਰਬ ਡਾਲਰ 'ਤੇ ਆ ਗਈ ਹੈ।

8. ਰਾਧਾਕਿਸ਼ਨ ਦਾਮਾਨੀ ਦੀ ਜਾਇਦਾਦ 380 ਮਿਲੀਅਨ ਡਾਲਰ ਭਾਵ 3200 ਕਰੋੜ ਰੁਪਏ ਘੱਟ ਗਈ ਹੈ। ਉਨ੍ਹਾਂ ਦੀ ਕੁੱਲ ਜਾਇਦਾਦ 21.2 ਅਰਬ ਡਾਲਰ 'ਤੇ ਆ ਗਈ ਹੈ।

9. ਕੁਸ਼ਲਪਾਲ ਸਿੰਘ ਦੀ ਦੌਲਤ 'ਚ 752 ਮਿਲੀਅਨ ਡਾਲਰ ਭਾਵ 6300 ਕਰੋੜ ਰੁਪਏ ਤੋਂ ਵੱਧ ਦੀ ਕਮੀ ਆਈ ਹੈ। ਇਸ ਸਮੇਂ ਉਨ੍ਹਾਂ ਦੀ ਕੁੱਲ ਜਾਇਦਾਦ 18.1 ਅਰਬ ਡਾਲਰ ਰਹਿ ਗਈ ਹੈ।

10. ਰਵੀ ਜੈਪੁਰੀਆ ਦੀ ਜਾਇਦਾਦ 652 ਮਿਲੀਅਨ ਡਾਲਰ ਭਾਵ 5500 ਕਰੋੜ ਰੁਪਏ ਘੱਟ ਹੋਈ ਹੈ। ਇਸ ਸਮੇਂ ਉਨ੍ਹਾਂ ਦੀ ਨੈੱਟਵਰਥ 17 ਅਰਬ ਡਾਲਰ ਰਹਿ ਗਈ ਹੈ।



# ਓਲੰਪਿਕ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੇ ਵਧਾਇਆ ਪੰਜਾਬ ਦਾ ਮਾਣ
## ਹਾਕੀ ਟੀਮ ਦੇ ਦੋ ਖਿਡਾਰੀ ਪੀ.ਸੀ.ਐਸ. ਅਫਸਰ ਤੇ 4 ਡੀ.ਐਸ.ਪੀ.



**ਚੰਡੀਗੜ੍ਹ:** ਪੰਜਾਬੀਆਂ ਨੇ ਹਾਕੀ ਦੇ ਜਾਦੂ ਨਾਲ ਇਕ ਵਾਰ ਫਿਰ ਦੁਨੀਆ ਨੂੰ ਹੈਰਾਨ ਕਰ ਦਿੱਤਾ। ਭਾਰਤੀ ਹਾਕੀ ਟੀਮ 'ਚ ਜ਼ਿਆਦਾਤਰ ਖਿਡਾਰੀ ਪੰਜਾਬ ਦੇ ਹਨ।

ਹਰਮਨਪ੍ਰੀਤ ਸਿੰਘ : ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਆਪਣਾ ਤੀਜਾ ਓਲੰਪਿਕਸ ਖੇਡਿਆ। ਉਹ ਡਿਫੈਂਡਰ ਹੈ ਅਤੇ ਡਰੈਗ ਫਲਿੱਕਰ ਹੋਣ ਦੇ ਨਾਤੇ ਟੀਮ ਦੀ ਸਕੋਰਿੰਗ ਸ਼ਕਤੀ ਦਾ ਅਹਿਮ ਅੰਗ ਹੈ। ਉਹ ਛੇ ਗੋਲਾਂ ਨਾਲ ਭਾਰਤ ਦਾ ਟਾਪ ਸਕੋਰਰ ਸੀ। ਅੰਮ੍ਰਿਤਸਰ ਜ਼ਿਲੇ ਦੇ ਤਿੰਮੋਵਾਲ ਪਿੰਡ ਦਾ ਵਸਨੀਕ ਹਰਮਨਪ੍ਰੀਤ ਸਿੰਘ ਪੰਜਾਬ ਪੁਲਸ 'ਚ ਡੀ.ਐੱਸ.ਪੀ. ਹੈ। ਸਰਪੰਚ ਆਖੇ ਜਾਂਦੇ ਹਰਮਨਪ੍ਰੀਤ ਸਿੰਘ ਨੇ 10 ਗੋਲ ਕੀਤੇ।

ਹਾਰਦਿਕ ਸਿੰਘ: ਹਾਰਦਿਕ ਸਿੰਘ ਭਾਰਤੀ ਟੀਮ ਦਾ ਉਪ ਕਪਤਾਨ ਹੈ। ਹਾਰਦਿਕ ਸਿੰਘ ਜਲੰਧਰ ਛਾਉਣੀ ਦੀ ਬੁੱਕਲ 'ਚ ਵਸੇ ਪਿੰਡ ਖੁਸਰੋਪੁਰ ਦੇ ਖੇਡ ਪਰਿਵਾਰ ਦਾ ਵਾਰਸ ਹੈ ਜਿਸ ਦੇ ਪਰਿਵਾਰ ਵਿੱਚ ਗੁਰਮੇਲ ਸਿੰਘ ਓਲੰਪਿਕਸ ਵਿੱਚ ਸੋਨ ਤਮਗਾ

ਜੇਤੂ ਹਨ, ਰਾਜਬੀਰ ਕੌਰ ਏਸ਼ਿਆਈ ਖੇਡਾਂ ਦੀ ਸੋਨ । ਤਮਗਾ ਜੇਤੂ ਹੈ ਅਤੇ ਜੁਗਰਾਜ ਸਿੰਘ ਜੂਨੀਅਰ ਵਿਸ਼ਵ ਕੱਪ ਜੇਤੂ ਹੈ। ਹਾਰਦਿਕ ਸਿੰਘ ਮਿਡਫੀਲਡ ਵਿੱਚ ਖੇਡਦਾ ਹੈ। ਉਹ ਪੰਜਾਬ ਸਰਕਾਰ 'ਚ ਪੀ.ਸੀ.ਐੱਸ. ਅਫਸਰ ਹੈ।

ਮਨਪ੍ਰੀਤ ਸਿੰਘ : ਭਾਰਤੀ ਹਾਕੀ ਟੀਮ ਦਾ ਸਭ ਤੋਂ ਤਜਰਬੇਕਾਰ ਖਿਡਾਰੀ ਮਨਪ੍ਰੀਤ ਸਿੰਘ ਇਸ ਵਾਰ ਆਪਣੀ ਰਿਕਾਰਡ ਚੌਥੀ ਓਲੰਪਿਕ ਖੇਡਿਆ। ਮਨਪ੍ਰੀਤ ਤੇ ਸ੍ਰੀਜੇਸ਼ ਸਣੇ ਭਾਰਤ ਵੱਲੋਂ ਚਾਰ ਓਲੰਪਿਕਸ ਖੇਡਣ ਵਾਲੇ ਸਿਰਫ ਪੰਜ ਖਿਡਾਰੀ ਹੀ ਹਨ।ਮਿੱਠਾਪੁਰ ਪਿੰਡ ਦਾ ਵਸਨੀਕ ਮਨਪ੍ਰੀਤ ਸਿੰਘ ਟੋਕੀਓ ਓਲੰਪਿਕਸ ਵਿੱਚ ਤਮਗਾ ਜਿੱਤਣ ਵਾਲੀ ਭਾਰਤੀ ਟੀਮ ਦਾ ਕਪਤਾਨ ਸੀ। 350 ਤੋਂ ਵੱਧ ਮੈਚ ਖੇਡਣ ਦਾ ਤਜਰਬਾ ਰੱਖਣ ਵਾਲਾ ਮਨਪ੍ਰੀਤ ਸਿੰਘ ਪੰਜਾਬ ਪੁਲਸ 'ਚ ਡੀ.ਐਸ.ਪੀ. ਹੈ।

**ਮਨਦੀਪ ਸਿੰਘ:** ਮਨਦੀਪ ਸਿੰਘ ਭਾਰਤੀ ਫਾਰਵਰਡ ਲਾਈਨ ਦਾ ਸਭ ਤੋਂ ਤਜ਼ਰਬੇਕਾਰ ਖਿਡਾਰੀ ਹੈ ਜੋ ਪੁਲਸ 'ਚ ਡੀ.ਐਸ.ਪੀ. ਹੈ। ਗੁਰਜੰਟ ਸਿੰਘ : ਅੰਮ੍ਰਿਤਸਰ ਦੇ ਪਿੰਡ ਖਲਿਹਾਰਾ ਦਾ ਵਸਨੀਕ ਗੁਰਜੰਟ ਸਿੰਘ ਲੇਫਟ ਵਿੰਗਰ ਹੈ। ਉਹ ਪੀ.ਸੀ.ਐੱਸ. ਅਫਸਰ ਹੈ।

**ਸ਼ਮਸ਼ੇਰ ਸਿੰਘ:** ਸਰਹੱਦੀ ਪਿੰਡ ਅਟਾਰੀ ਦਾ ਵਸਨੀਕ ਸ਼ਮਸ਼ੇਰ ਸਿੰਘ ਪਿਛਲੀ ਵਾਰ ਟੋਕੀਓ ਓਲੰਪਿਕਸ ਵਿੱਚ ਸਭ ਤੋਂ ਘੱਟ ਤਜ਼ਰਬੇਕਾਰ ਖਿਡਾਰੀ ਸੀ ਅਤੇ ਹੁਣ ਉਹ ਭਾਰਤੀ ਫਾਰਵਰਡ ਲਾਈਨ ਦੇ ਤਜ਼ਰਬੇਕਾਰ ਖਿਡਾਰੀਆਂ ਵਿੱਚੋਂ ਇਕ ਹੈ। ਸ਼ਮਸ਼ੇਰ ਪੰਜਾਬ ਪੁਲਸ 'ਚ ਡੀ.ਐਸ.ਪੀ. ਹੈ।

ਜਰਮਨਪ੍ਰੀਤ ਸਿੰਘ ਬੱਲ : ਅੰਮ੍ਰਿਤਸਰ ਜ਼ਿਲੇ ਦੇ ਪਿੰਡ ਰਾਜ਼ਦਾਨ ਦਾ ਵਸਨੀਕ ਜਰਮਨਪ੍ਰੀਤ ਸਿੰਘ ਆਪਣੀ ਸਾਬਤ ਸੂਰਤ ਦਿੱਖ ਅਤੇ ਉਚ ਲੰਬੇ ਕੱਦ ਕਾਰਨ ਹਾਕੀ ਫੀਲਡ 'ਚ ਵੱਖਰੀ ਹੀ ਪਛਾਣ ਰੱਖਦਾ ਹੈ। ਡਿਫੈਂਸ ਲਾਈਨ 'ਚ ਖੇਡਦਾ ਇਹ ਖਿਡਾਰੀ ਆਪਣੇ ਲੰਬੇ ਸਲੋਪ ਸ਼ਾਟ ਕਰਕੇ ਫਾਰਵਰਡ ਲਾਈਨ ਲਈ ਫੀਡਰ ਦਾ ਕੰਮ ਵੀ ਕਰਦਾ ਹੈ। ਉਹ ਆਮਦਨ ਕਰ ਵਿਭਾਗ 'ਚ ਨੌਕਰੀ ਕਰਦਾ ਹੈ।

**ਸੁਖਜੀਤ ਸਿੰਘ:** ਅੰਮ੍ਰਿਤਸਰ ਦੇ ਜੱਦੀ ਪਿਛੋਕੜ ਵਾਲਾ ਸੁਖਜੀਤ ਸਿੰਘ ਜਲੰਧਰ ਦਾ ਵਸਨੀਕ ਹੈ। ਉਹ ਹਾਲ ਹੀ 'ਚ ਏਸ਼ਿਆਈ ਖੇਡਾਂ ਤੇ ਏਸ਼ੀਅਨ ਚੈਂਪੀਅਨਜ਼ ਟਰਾਫੀ ਦਾ ਸੋਨ ਤਮਗਾ ਜੇਤੂ ਖਿਡਾਰੀ ਹੈ। ਉਹ ਪੀ.ਐੱਨ.ਬੀ. 'ਚ ਨੌਕਰੀ ਕਰਦਾ ਹੈ। ਉਕਤ ਅੱਠ ਖਿਡਾਰੀਆਂ ਤੋਂ ਇਲਾਵਾ ਕਪੂਰਥਲਾ ਦਾ ਗੋਲਚੀ ਕ੍ਰਿਸ਼ਨ ਬਹਾਦਰ ਪਾਠਕ ਅਤੇ ਮਾਝੇ ਦਾ ਡਰੈਗ ਫਲਿੱਕਰ ਜੁਗਰਾਜ ਸਿੰਘ ਭਾਰਤੀ ਟੀਮ ਵਿੱਚ ਰਾਖਵੇਂ ਖਿਡਾਰੀ ਵਜੋਂ ਸ਼ਾਮਲ ਸਨ।


ਆਪਣੇ ਦੰਦਾਂ ਨੂੰ ਬੁਰਸ਼ ਕਰਦੇ ਸਮੇਂ
ਟੂਟੀ ਨੂੰ ਬੰਦ ਕਰਨ ਨਾਲ
ਇੱਕ ਸਾਲ ਵਿੱਚ 8,300 ਲੀਟਰ
ਤੱਕ ਦੀ ਬਚਤ ਹੁੰਦੀ ਹੈ।*



ਇੱਕ ਛੋਟੀ ਤਬਦੀਲੀ। ਇੱਕ ਵੱਡਾ ਫ਼ਰਕ।
ਜਦੋਂ ਅਸੀਂ ਰਲ ਕੇ ਅਜਿਹਾ ਕਰਦੇ ਹਾਂ, ਤਾਂ ਹੋਰ ਵੀ ਵੱਡਾ ਫ਼ਰਕ ਲਿਆ ਸਕਦੇ ਹਾਂ।
ਹੋਰ ਜਾਣੋ: gov.bc.ca/drought
*2 ਮਿੰਟ ਲਈ 5.7L/ਮਿੰਟ ਪਾਣੀ ਦਾ ਵਹਾਅ, ਦਿਨ ਵਿੱਚ ਦੋ ਵਾਰ।
BRITISH COLUMBIA

FOR ALL YOUR MORTGAGE NEEDS CALL NOW!



Opinder Sohal
778.882.9914

Dominion Lending Centres - First Pacific Mortgage



Jonathan Fung
604.807.0888

Vol. 17, Issue: 32 Friday, August 09, 2024

# REALTY CLASSIFIEDS

W: www.realtyclassifieds.ca | E: design@swmediagroup.ca | Ph: 604-825-3950, Off: 604-507-8009, #3 7953 120 St., Delta BC V4C 6PC | Fax: 1-855-796-3342

JASSAL SIGNS
www.jassalsigns.com
604.599.4221




FOR ALL YOUR SIGN & PRINTING NEEDS

Booklets • Flyers
Posters • Business Cards
Real Estate Signs
Sandwich Boards
Wide Format Printing
Vehicle Wrap
3D Signs • Channel Letters

#101 7728 128 St., Surrey

## Canada's housing markets look for deeper rate cuts to ramp up activity

The Bank of Canada's interest rate cuts in June and July likely marked a turning point for struggling housing markets across the country, but so far the impact has been mixed. After a small uptick between May and June, home resales fell again in some markets including Vancouver, Calgary and Toronto in July, according to early reports from local real estate boards. However, activity picked up slightly in Edmonton and Montreal. It will take deeper rate cuts to meaningfully reduce ownership costs and stimulate homebuyer demand more broadly.

Supply, on the other hand, continues to grow. In some cases, such as in Toronto, it reflects the completion of many newly built units (mainly condos) that owners (mainly investors) are looking to offload. In other cases, it could be sellers betting lower rates will spur buyer interest and improve sale outcomes. In some, it may be a sign of homeowner distress arising from high rates.

The balance between supply and demand varies considerably from market to market. Conditions in Calgary, Edmonton and to a lesser extent Montreal favour sellers. It's the opposite in the Toronto area where buyers have the upper hand—albeit just barely. A tenuous equilibrium holds in Vancouver.

Still, home prices have generally levelled off since spring. Calgary—Canada's housing hotspot—remains an exception, though gains have moderated recently. We see flat price trends persisting until larger rate cuts heat up demand more materially.

Our First Journey is to Find That Special Place For You...



AJIT THALIWAL
Cell: 604.727.5166
ajitsthaliwal@gmail.com

RE/MAX

We specialize in Land Assembly, Lots & Residential Properties



RAMAN KOONER
Cell: 604.825.4433
ramankooner@gmail.com





Richmond
10220 Railway Avenue

Stunning Coach House in Steveston. No expense has been spared in this 2,682 sq ft home, 6 Bed 6 Bath home boasting top quality finishings, expert craftsmenship, and top materials. Including Imported European Tiles, Euro Quartz Counters, extensive custom millwork, High end S/S Bosch Appliances and quality fixtures and faucets not to mention Air Conditioning/Heat Pump/HRV & Radiant Floor Heating in the Home with huge rental potential. Very Flexible floor plan with Bedroom on the main floor with brilliant entertainment space. Fully Fenced and Landscaped yard and monitored security all around. Just a stones throw from the Famous Steveston "Village", Transit, All levels of Schools and Shopping. 2-5-10. Home Warranty.




RICHMOND
22811 Mclean Avenue

Introducing Another Award Winning Community by Infinity Living "Richstone Hamilton" nestled in the quiet rapidly growing Richmond Suburb of Hamilton. 25 Farmhouse inspired townhomes with gorgeous finishings estimated for completion in May 2025. These 3 Bedroom townhomes boast designer kitchens, Fisher & Paykel appliance package, authentic imported european tiles, Quartz countertops, custom wood work, Air Con/Heat Pump/HRV and double tandem/side by side garages. These units are very well appointed. Walking distance to Shopping, schools, parks, childcare and transit. Please contact us for more details and information.




Claysmith
8140 Claysmith Road,

9379 SF RS1/E Lot with a clean, 1964 built 2400 SF 3 Bdrm, 1.5 Bath Rented House, in a quiet neighbourhood of Newer Luxury Homes near Blundell & No1 Rd in the Boyd Park area of Richmond. Currently.




Chilliwack
8811 Saunders Road

SOLD




Chilliwack
44477 Yale Road

Over half an acre of prime development land next to Cap-It and other major anchors. The current use is non-conforming motel and 9 units are rented for great holding income. The property is M2 zoned for business industrial uses and ready for building permit for the development of your choice with very few restrictions. See City of Chilliwack M2 zoning permit guidelines.




RICHMOND
1 8620 Railway Avenue

Introducing The Richstone. Another award winning townhouse community by Infinity Living. Located in the Railway Corridor in West Richmond with all amenities at your doorstep. Offering a very limited collection of Farmhouse inspired townhomes ranging 1207SF to 1612SF living area+ garage with luxurious finishing. Featuring 4 bdrms & 3 bdrms plans, designer kitchens, double tandem and side by side garages. All units are West Facing. Fisher & Paykel appliance package, Highly energy efficient w/heat pump and AC. Walking distance to Seafair Shopping center, Schools, parks, tree lined walking path & more. Ready to move in Mid - 2022.





RICHMOND
3411 Lockhart Road

Richmond's boutique builder Infinity Living presents another gorgeous home in one of Richmond's finest neighborhoods. This spacious 5 bedroom, 5 bath home, Lot is over 6000+ SqFt lot.





ANNIEVILLE
11452 93 Avenue, Delta

Welcome to Annieville Neighborhood. This modern luxury residence built in 2021 offers expansive living space with stunning views of North Shore Mountains and City from balconies and upper Deck.




SCOTTSDALE
8336 118 Street, Delta

Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.




SEAFAIR
8931 Fairdell Place

Seafair Gem! Super cute & charming family home w/ 3 bedrooms, 2 full baths, enclosed sunroom, storage/den & large bright games / family room down.

For All Listings Visit: WWW.RELIANCEREALESTATE.CA

21/10

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.


KVP HERITAGE
REVIVING ARTS PRESENTATION IN CANADA
Presents...
MAUSIQI
NADIR ALI KHAN
USTAD SHAFQAT ALI KHAN
PRIDE OF PAKISTAN
FAIZAN ALI KHAN
SHAAM CHAURAASI GHARANA
AN EVENING OF
Sufi, Classical Music, Ghazal, Thumri
20 FRIDAY SEPTEMBER
7PM | 2024
Bell PERFORMING ARTS CENTRE SURREY
TICKETS: $30,50,75 + FC
V·TIX ONLINE
KAMAL SHARMA @ (604)833-1977 FOR INFORMATION & SPONSORSHIP
KVP KAMAL

# ਵਿਨੇਸ਼ ਫੋਗਾਟ ਦਾ ਭਾਰ ਵੱਧਣ ਦਾ ਕੀ ਹੈ ਰਾਜ?



**ਪੈਰਿਸ:** ਭਾਰਤੀ ਕੁਸ਼ਤੀ ਸੰਘ (ਡਬਲਯੂ. ਐੱਫ. ਆਈ.) ਦੇ ਮੁਖੀ ਸੰਜੇ ਸਿੰਘ ਨੇ ਵਿਨੇਸ਼ ਫੋਗਾਟ ਦੇ ਪੈਰਿਸ ਓਲੰਪਿਕ 'ਚੋਂ ਬਾਹਰ ਹੋਣ ਤੋਂ ਬਾਅਦ ਉਸਦੇ ਨਾਲ ਜੁੜੇ ਸਹਿਯੋਗੀ ਸਟਾਫ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਹੋਏ ਕਿਹਾ ਕਿ ਫਾਈਨਲ ਤੋਂ ਪਹਿਲਾਂ ਭਾਰ ਨੂੰ ਦਾਇਰੇ ਵਿਚ ਨਾ ਰੱਖਣ ਦੀ ਗਲਤੀ ਮਨਜ਼ੂਰਨਹੀਂ ਹੈ।ਅਮਰੀਕਾਦੀ ਸਾਰਾ ਹਿਲਡੇਬ੍ਰਿਟ ਵਿਰੁੱਧ ਸੋਨ ਤਮਗਾ ਮੁਕਾਬਲੇ ਤੋਂ ਕੁਝ ਘੰਟੇ ਪਹਿਲਾਂ ਵਿਨੇਸ਼ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ, ਜਿਸ ਨਾਲ ਭਾਰਤ ਨੂੰ ਵੱਡਾ ਝਟਕਾ ਲੱਗਾ।

ਡਬਲਯੂ. ਐੱਫ. ਆਈ . ਮੁਖੀ ਨੇ ਕਿਹਾ ਕਿ ਮੈਂ ਭਾਰਤ ਸਰਕਾਰ ਤੋਂ ਸਾਰੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕਰਦਾ ਹਾਂ।ਵਿਨੇਸ਼ ਨੇ ਅਕੋਸ ਨਾਲ ਟ੍ਰੇਨਿੰਗ ਲੈਣ ਦਾ ਬਦਲ ਚੁਣਿਆ ਸੀ ਤੇ ਭਾਰਤ ਸਰਕਾਰ ਨੇ ਖੇਡਾਂ ਲਈ ਵਿਨੇਸ਼ ਦੇ ਨਾਲ ਉਸਦੀ ਯਾਤਰਾ ਨੂੰ ਮਨਜ਼ੂਰੀ ਦਿੱਤੀ ਸੀ।

ਭਾਰਤੀ ਰਾਸ਼ਟਰੀ ਕੋਚ ਦੀ ਤਰ੍ਹਾਂ ਅਕੋਸ ਨੂੰ ਵੀ ਫੁੱਲ ਮੈਂਬਰਸ਼ਿਪ ਪ੍ਰਦਾਨ ਕੀਤੀ ਗਈ ਸੀ। ਅਕੋਸ 2018 ਤੋਂ ਵਿਸ਼ੇਸ਼ ਨਾਲ ਕੰਮ ਕਰ ਰਿਹਾ ਹੈ।ਤਦ ਤੋਂ ਵਿਸ਼ੇਸ਼ ਨੇ 2 ਵਿਸ਼ਵ ਚੈਂਪੀਅਨਸ਼ਿਪ ਵਿਚ ਕਾਂਸੀ ਤਮਗੇ ਜਿੱਤੇ ਹਨ। ਸੰਜੇ ਨੇ ਕਿਹਾ ਕਿ ਭਾਰਤੀ ਕੁਸ਼ਤੀ ਸੰਘ ਯੂ . ਡਬਲਯੂ. ਡਬਲਯੂ. ਦੇ ਲੈਵਲ 1 ਤੇ ਲੈਵਲ 2 ਦਾ ਕੋਰਸ ਪਾਸ ਕਰਨ ਵਾਲੇ ਕੋਚ ਨੂੰ ਨਿਯੁਕਤ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ। ਉਸ ਨੇ ਕਿਹਾ ਕਿ ਅਸੀਂ ਇਹ ਵੀ ਤੈਅ ਕਰਾਂਗੇ ਕਿ ਪਹਿਲਵਾਨ ਡਬਲਯੂ . ਐੱਫ. ਆਈ. ਦੇ ਕੋਚ ਤੇ ਯੂ. ਡਬਲਯੂ. ਡਬਲਯੂ ਦੇ ਅਧਿਕਾਰੀਆਂ ਨਾਲ ਅਭਿਆਸ ਕਰੇ ਤਾਂ ਕਿ ਅਜਿਹੀਆਂ ਘਟਨਾਵਾਂ ਫਿਰ ਕਦੇ ਨਹੀਂ ਹੋਣ। ਵਿਸ਼ੇਸ਼ ਰੂਪ ਨਾਲ ਪੁੱਛੇ ਜਾਣ 'ਤੇ ਕਿ ਕੀ . ਐੱਫ. ਆਈ . ਵਿਅਕਤੀਗਤ ਕੋਚ ਨੂੰ ਮਨਜ਼ੂਰੀ ਦੇਵੇਗਾ ਜਾਂ ਨਹੀਂ, ਸੰਜੇ ਨੇ ਕਿਹਾ ਕਿ ਇਸ ਮਾਮਲੇ 'ਤੇ ਚਰਚਾ ਕੀਤੀ ਜਾਵੇਗੀ।ਉਸ ਨੇ ਕਿਹਾਕਿ ਪੂਰੀ ਡਬਲਯੂ ਐੱਫ.ਆਈ. ਕਮੇਟੀ ਤੈਅ ਕਰੇਗੀ ਕਿ ਇਸ ਮਾਮਲੇ ਵਿਚ ਅੱਗੇ ਕਿਵੇਂ ਵਧਦਾ ਹੈ।

ਸੰਜੇ ਨੇ ਕਿਹਾ ਕਿ ਉਹ ਭਾਰਤੀ ਓਲੰਪਿਕ ਸੰਘ ਦੀ ਮੁਖੀ ਪੀ. ਟੀ. ਊਸ਼ਾ ਦੇ ਨਾਲ ਮੀਟਿੰਗ ਕਰ ਰਹੇ ਹਨ ਤੇ ਉਹ ਡਬਲਯੂ ਡਬਲਯੂ . ਪ੍ਰਮੁੱਖ ਨੇਨਾਦ ਲਾਵੋਵਿਕ ਨਾਲ ਸੰਪਰਕ ਕਰਨਗੇ ਕਿ ਕੀ ਕੁਝ ਕੀਤਾ ਜਾ ਸਕਦਾ ਹੈ। ਉਸ ਨੇ ਕਿਹਾ ਕਿ ਮੈਂ ਆਈ. ਓ. ਏ. (ਭਾਰਤੀ ਓਲੰਪਿਕ ਸੰਘ) ਤੇ ਯੂ. ਡਬਲਯੂ. ਡਬਲਯੂ . ਨਾਲ ਗੱਲ ਕੀਤੀ ਹੈ ਤੇ ਮੈਂ ਪੱਤਰ ਵੀ ਭੇਜੇ, ਜਿਸ ਵਿਚ ਉਨ੍ਹਾਂ ਨੂੰ ਮਾਮਲੇ ਨੂੰ ਦੇਖਣ ਤੇ ਉਸਨੂੰ ਮੁਕਾਬਲੇਬਾਜ਼ੀ ਕਰਨ ਦੀ ਮਨਜ਼ੂਰੀ ਦੇਣ ਲਈ ਕਿਹਾ ਗਿਆ ਹੈ।

**ਸਿਰਫ 100 ਗ੍ਰਾਮ ਭਾਰ ਨਾ ਘਟ ਸਕਣਾ ਸੰਜੋਗ ਨਹੀਂ**

ਨਵੀਂ ਦਿੱਲੀ : ਛੇ ਅਗਸਤ ਨੂੰ ਲਗਾਤਾਰ ਤਿੰਨ ਮੁਕਾਬਲੇ ਜਿੱਤ ਕੇ ਮੈਡਲ ਪੱਕਾ ਕਰ ਕੇ ਇਤਿਹਾਸ ਰਚਣ ਵਾਲੀ ਭਾਰਤ ਦੀ ਸ਼ੇਰਨੀ ਵਿਨੇਸ਼ ਫੋਗਾਟ ਨੂੰ ਸ਼ਾਇਦ ਹੀ ਅੰਦਾਜ਼ਾ ਹੋਵੇਗਾ ਕਿ ਅਗਲੀ ਸਵੇਰ ਉਸਦੇ ਲਈ ਪਹਾੜ ਬਣ ਕੇ ਆਵੇਗੀ। ਛੇ ਅਗਸਤ ਦੀ ਸਵੇਰ ਆਪਣੇ ਪਹਿਲੇ ਮੁਕਾਬਲੇ ਤੋਂ ਪਹਿਲਾਂ 49.9 ਕਿਲੋ ਵਜ਼ਨ ਆਉਣ ਤੋਂ ਬਾਅਦ ਵਿਸ਼ਵ ਨੂੰ ਆਪਣੀ ਤੀਜੇ ਓਲੰਪਿਕ ਮੁਹਿੰਮ 'ਚ ਫੁਰਤੀ ਤੇ ਅਦਭੁੱਤ ਰੱਖਿਆਤਮਕ ਸ਼ੈਲੀ ਨਾਲ ਹੈਰਾਨ ਕਰਨ ਵਾਲੀ ਵਿਸ੍ਰੇਸ਼ ਦਾ ਅਗਲੀ ਸਵੇਰ 100 ਗ੍ਰਾਮ ਭਾਰ ਵੱਧ ਆਉਣ ਕਾਰਨ ਅਯੋਗ ਐਲਾਨ ਦੇਣਾ ਸੰਜੋਗ ਨਹੀਂ ਹੈ। ਟੋਕੀਓ ਓਲੰਪਿਕ ਦੇ ਸਿਲਵਰ ਮੈਡਲ ਜੇਤੂ ਪਹਿਲਵਾਨ ਰਵੀ ਦਹੀਆ ਦੇ ਕੋਚ ਰਹੇ ਲਲਿਤ ਕੁਮਾਰ ਨੇ ਖਾਸ ਗੱਲਬਾਤ 'ਚ ਪੂਰੀ ਘਟਨਾ ਨੂੰ ਸਮਝਾਇਆ। ਉਨ੍ਹਾਂ ਦੱਸਿਆ ਕਿ ਬੁੱਧਵਾਰ ਦੀ ਸਵੇਰ ਵਿਨੇਸ਼ 'ਚ ਪਾਣੀ ਦੀ ਮਾਤਰਾ ਬੇਹੱਦ ਘੱਟ ਹੋਣ ਕਾਰਨ ਉਹ 100 ਗ੍ਰਾਮ ਭਾਰ ਘੱਟ ਨਹੀਂ ਕਰ ਸਕੀ ਤੇ ਨਤੀਜੇ ਵਜੋਂ ਅਯੋਗ ਐਲਾ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਿਰਫ 2018 'ਚ ਇਕ ਵਾਰ ਓਲੰਪਿਕ ਕੁਆਲੀਫਾਇਰ 'ਚ ਵਿਨੇਸ਼ ਨੂੰ ਹੀ 48 ਕਿਲੋ ਵਰਗ 'ਚ ਭਾਰ ਵੱਧ ਹੋਣ ਕਾਰਨ ਅਯੋਗ ਐਲਾਨ ਦਿੱਤਾ ਗਿਆ ਸੀ। ਅੱਠ ਸਾਲ ਬਾਅਦ ਇਤਿਹਾਸ ਇਸ ਤਰ੍ਹਾਂ ਦੁਹਰਾਏਗਾ ਇਸਦਾ ਅੰਦਾਜ਼ਾ ਨਹੀਂ ਸੀ।

**ਖੁਦ ਵਿਨੇਸ਼ ਨੇ ਭਾਰ ਘੱਟ ਕਰਨ ਨੂੰ ਮੰਨਿਆ ਸੀ ਚੁਣੌਤੀ**

ਦਿੱਲੀ : 'ਮੈਨੂੰ ਆਪਣੇ ਭਾਰ ਨੂੰ ਬਿਹਤਰ ਤਰੀਕੇ ਨਾਲ ਮੈਨੇਜ ਕਰਨਾ ਹੋਵੇਗਾ। ਮੈਂ ਇੰਨੇ ਲੰਬੇ ਸਮੇਂ ਤੋਂ ਬਾਅਦ ਆਪਣੇ ਭਾਰ ਨੂੰ ਘੱਟ ਕਰ ਕੇ 50 ਕਿਲੋ ਤੱਕ ਕੀਤਾ ਹੈ, ਇਸ ਲਈ ਮੈਂ ਇਸ ਨੂੰ ਜਿੰਨਾ ਸੰਭਵ ਹੋਵੇ ਉਨਾ ਬਣਾਏ ਰੱਖਣ ਦੀ ਕੋਸ਼ਿਸ਼ ਕਰਾਂਗੀ।" ਇਸ ਸਾਲ ਅਪ੍ਰੈਲ 'ਚ ਕਿਰਗਿਸਤਾਨ ਦੇ ਬਿਸ਼ਕੇਕ 'ਚ ਹੋਈ ਵਿਸ਼ਵ ਚੈਂਪੀਅਨਸ਼ਿਪ ਚ ਜਦੋਂ ਵਿਨੇਸ਼ ਫੋਗਾਟ ਨੇ 50 ਕਿਲੋ ਵਰਗ ਲਈ ਓਲੰਪਿਕ ਕੋਟਾ ਹਾਸਲ ਕੀਤਾ ਸੀ ਤਾਂ ਇਹ ਗੱਲ ਖੁਦ ਉਸਨੇ ਸਵੀਕਾਰ ਕੀਤੀ ਸੀ।

ਹਰਿਆਣਾ ਦੀ 29 ਸਾਲਾ ਪਹਿਲਵਾਨ ਨੇ ਕਿਹਾ ਸੀ ਕਿ ਮੇਰੀਆਂ ਮਾਸਪੇਸ਼ੀਆਂ ਮਜ਼ਬੂਤ ਹਨ, ਇਸ ਨਾਲ ਮੇਰਾ ਵਜ਼ਨ ਛੇਤੀ ਵੱਧ ਜਾਂਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਕਿੰਨੀ ਫਿੱਟ ਹਾਂ, ਫਿਰ ਵੀ ਮੇਰਾ ਵਜ਼ਨ ਵਧਦਾ । ਮੈਂ ਸਿਰਫ ਆਪਣਾ ਭਾਰ ਕਾਬੂ 'ਚ ਕਰਨਾ ਚਾਹੁੰਦੀ ਹਾਂ।

ਦਰਅਸਲ, ਵਿਨੇਸ਼ ਹਮੇਸ਼ਾ ਹੀ 53 ਕਿਲੋ ਭਾਰ ਵਰਗ 'ਚ ਖੇਡਦੀ ਸੀ ਪਰ ਭਾਰਤੀ ਕੁਸ਼ਤੀ ਮਹਾਸੰਘ (ਡਬਲਿਊਐੱਫਆਈ) ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਣ ਸਿੰਘ ਦੇ ਵਿਰੁੱਧ ਅੰਦੋਲਨ ਕਰਨ ਕਾਰਨ ਵਿਨੇਸ਼ ਦੀ ਥਾਂ ਇਸ ਵਰਗ 'ਚ ਅੰਤਿਮ ਪੰਘਾਲ ਨੇ ਓਲੰਪਿਕ ਕੋਟਾ ਹਾਸਲ ਕਰ ਲਿਆ ਸੀ।

ਅੰਦੋਲਨ ਕਰ ਰਹੇ ਪਹਿਲਵਾਨਾਂ ਦੇ ਕਹਿਣ 'ਤੇ ਬਣਾਈ ਗਈ ਕਮੇਟੀ ਨੇ ਵਿਨੇਸ਼ ਨੂੰ 50 ਕਿਲੋ ਭਾਰ ਵਰਗ ਲਈ ਕੁਆਲੀਫਾਈ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਇਹ ਕੁਆਲੀਫਾਈ ਵੀ ਕਰ ਲਿਆ, ਪਰ ਆਪਣੇ ਮੁੱਢਲੇ ਭਾਰ ਵਰਗ ਤੋਂ ਘੱਟ 'ਚ ਖੇਡਣ ਕਾਰਨ ਉਹ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਭਾਰ ਘੱਟ ਕਰਨਾ ਪਿਆ, ਜੋ ਇਕ ਚੁਣੌਤੀ ਹੈ। ਪਹਿਲਵਾਨ ਜਿਸ ਭਾਰ ਵਰਗ 'ਚ ਖੇਡਦੀ ਹੈ, ਉਸ ਵਿਚ ਵੀ ਇਕ ਦਿਨ ਪਹਿਲਾਂ ਵੀ ਕਾਫੀ ਭਾਰ ਘੱਟ ਕਰਦੇ ਹਨ।

ਵਿਨੇਸ਼ ਤਾਂ ਮੁੱਢਲੇ ਭਾਰ ਤੋਂ ਘੱਟ 'ਚ ਖੇਡ ਰਹੀ ਸੀ ਇਸ ਲਈ ਉਸ ਨੂੰ ਦਿੱਕਤ ਦਾ ਸਾਹਮਣਾ ਕਰਨਾ ਪਿਆ। ਪੈਰਿਸ ਓਲੰਪਿਕ 'ਚ ਮੰਗਲਵਾਰ ਨੂੰ ਇਕ ਦਿਨ 'ਚ ਤਿੰਨ ਬਾਊਟ ਲੜਨ ਤੋਂ ਬਾਅਦ ਵਿਨੇਸ਼ ਦਾ ਭਾਰ ਵੱਧ ਗਿਆ ਤਾਂ ਉਸਦੇ ਕੋਚ ਤੇ ਸਹਿਯੋਗੀ ਸਟਾਫ ਇਸ ਨੂੰ ਘੱਟ ਕਰਨ 'ਚ ਲੱਗ ਗਿਆ। ਸੈਮੀਫਾਈਨਲ ਬਾਈਟ ਜਿੱਤਣ ਦੇ ਤੁਰੰਤ ਬਾਅਦ ਉਹ ਖੇਡ ਮੈਦਾਨ 'ਚ ਆਪਣੇ ਕੋਚ ਨਾਲ ਰੱਸੀ ਟੱਪਦੀ ਹੋਈ ਨਜ਼ਰ ਆਈ। ਵਿਨੇਸ਼ ਨੂੰ ਘੱਟ ਮਾਤਰਾ 'ਚ ਖੁਰਾਕ ਤੇ ਪਾਣੀ ਦਿੱਤਾ ਜਾ ਰਿਹਾ ਸੀ। ਹਾਲਾਂਕਿ ਇਸਦੇ ਬਾਵਜੂਦ ਵਿਨੇਸ਼ ਫੋਗਾਟ ਦਾ ਭਾਰ ਤਾਂ ਘੱਟ ਨਹੀਂ ਹੋਇਆ ਪਰ ਉਸਦੇ ਸਰੀਰ 'ਚ ਪਾਣੀ ਦੀ ਕਮੀ ਹੋ ਗਈ, ਜਿਸ ਤੋਂ ਬਾਅਦ ਉਸ ਨੂੰ ਖੇਡ ਮੈਦਾਨ 'ਚ ਹੀ ਬਣੇ ਪਾਲੀ ਕਲੀਨਿਕ 'ਚ ਭਰਤੀ ਕਰਨਾ ਪੈ ਗਿਆ ਸੀ।

# ਬੰਗਲਾਦੇਸ਼ 'ਚ ਭੀੜ ਨੇ ''ਹਿੰਦੂ ਮੰਦਰਾਂ'' 'ਤੇ ਕੀਤਾ ਹਮਲਾ

ਬੰਗਲਾਦੇਸ਼ ਦੀ ਰਾਜਧਾਨੀ ਵਿਚ ਇੱਕ ਬੇਕਾਬੂ ਭੀੜ ਨੇ ਇੱਕ ਭਾਰਤੀ ਸੱਭਿਆਚਾਰਕ ਕੇਂਦਰ ਵਿਚ ਭੰਨਤੋੜ ਕੀਤੀ ਅਤੇ ਦੇਸ਼ ਭਰ ਵਿਚ ਚਾਰ ਹਿੰਦੂ ਮੰਦਰਾਂ ਨੂੰ ਮਾਮੂਲੀ ਨੁਕਸਾਨ ਪਹੁੰਚਾਇਆ। ਚਸ਼ਮਦੀਦਾਂ ਅਤੇ ਭਾਈਚਾਰੇ ਦੇ ਆਗੂਆਂ ਨੇ ਇਹ ਜਾਣਕਾਰੀ ਦਿੱਤੀ। ਹਿੰਦੂ-ਬੋਧ-ਈਸਾਈ ਏਕਤਾ ਕੌਂਸਲ ਦੀ ਆਗੂ ਕਾਜੋਲ ਦੇਬਨਾਥ ਨੇ ਕਿਹਾ ਕਿ ਉਨ੍ਹਾਂ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਦੇਸ਼ ਭਰ ਵਿਚ ਘੱਟੋ-ਘੱਟ ਚਾਰ ਹਿੰਦੂ ਮੰਦਰਾਂ ਨੂੰ ਨੁਕਸਾਨ ਪਹੁੰਚਿਆ ਹੈ।

ਬੰਗਲਾਦੇਸ਼ ਦੀ ਰਾਜਧਾਨੀ ਦੇ ਧਨਮੰਡੀ ਖੇਤਰ ਵਿਚ ਸਥਿਤ ਇੰਦਰਾ ਗਾਂਧੀ ਕਲਚਰਲ ਸੈਂਟਰ (ਆਈਜੀਸੀਸੀ) ਅਤੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਨੂੰ ਸੋਮਵਾਰ ਨੂੰ ਬੇਕਾਬੂ ਭੀੜ ਨੇ ਨੁਕਸਾਨ ਪਹੁੰਚਾਇਆ।

ਢਾਕਾ ਟ੍ਰਿਬਿਊਨ ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਸੋਮਵਾਰ ਦੁਪਹਿਰ ਨੂੰ ਪ੍ਰਦਰਸ਼ਨਕਾਰੀਆਂ ਨੇ ਢਾਕਾ ਵਿਚ ਕਈ ਪ੍ਰਮੁੱਖ ਸਥਾਨਾਂ ਨੂੰ ਅੱਗ ਲਗਾ ਦਿੱਤੀ, ਜਿਸ ਵਿਚ ਧਨਮੰਡੀ 32 ਸਥਿਤ ਬੰਗਬੰਧੂ ਭਵਨ ਵੀ ਸ਼ਾਮਲ ਹੈ, ਜਿਸਨੂੰ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਵੀ ਕਿਹਾ ਜਾਂਦਾ ਹੈ।

ਅਜਾਇਬ ਘਰ ਹਸੀਨਾ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਨੂੰ ਸਮਰਪਿਤ ਹੈ, ਜਿਨ੍ਹਾਂ ਦੀ 1975 ਵਿੱਚ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਹ ਰਾਸ਼ਟਰਪਤੀ ਸਨ। ਇਹ ਘਟਨਾਕ੍ਰਮ ਅਜਿਹੇ ਸਮੇਂ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਵੱਡੇ ਵਿਰੋਧ ਪ੍ਰਦਰਸ਼ਨਾਂ ਦੇ ਚੱਲਦਿਆਂ ਬੰਗਲਾਦੇਸ਼ ਛੱਡ ਕੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਫੌਜ ਮੁਖੀ ਜਨਰਲ ਵਕਾਰ-ਉਜ਼-ਜ਼ਮਾਨ ਨੇ ਐਲਾਨ ਕੀਤਾ ਕਿ ਅੰਤਰਿਮ ਸਰਕਾਰ ਬਣਾਈ ਜਾ ਰਹੀ ਹੈ ਅਤੇ ਪ੍ਰਦਰਸ਼ਨਕਾਰੀਆਂ ਨੂੰ ਹਿੰਸਾ ਰੋਕਣ ਦੀ ਅਪੀਲ ਕੀਤੀ।



## ਮੇਂ ਨਹੀਂ ਚਾਹੁੰਦੀ ਵਿਆਹ ਕਰਨਾ: ਜ਼ਰੀਨ

ਜ਼ਰੀਨ ਖਾਨ ਦਾ ਬਾਲੀਵੁੱਡ ’ਚ ਸਫਰ ਭਾਵੇਂ ਲੰਬਾ ਅਤੇ ਸ਼ੋਹਰਤ ਨਾਲ ਭਰਿਆ ਨਾ ਰਿਹਾ ਹੋਵੇ ਪਰ ਉਸ ਨੇ ਆਪਣੀ ਨਿੱਜੀ ਜ਼ਿੰਦਗੀ ਨੂੰ ਹਮੇਸ਼ਾ ਕਾਫੀ ਪਰਸਨਲ ਰੱਖਿਆ ਹੈ।ਜ਼ਰੀਨ ਦਾ ਨਾਂ ਪਹਿਲਾਂ ਵੀ ਕਈ ਲੋਕਾਂ ਨਾਲ ਜੁੜ ਚੁੱਕਾ ਹੈ ਪਰ ਉਹ ਆਪਣੇ ਰਿਸ਼ਤਿਆਂ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਰੱਖਣਾ ਪਸੰਦ ਕਰਦੀ ਹੈ। ਕੁਝ ਰਿਪੋਰਟਾਂ ਦੀ ਮੰਨੀਏ ਤਾਂ 2021 ’ਚ ਜੰਗਨ ਨੇ ‘ਬਿਗ ਬੌਸ 12 ਤੋਂ ਲੋਕਪ੍ਰਿਯਤਾ ਹਾਸਲ ਕਰਨ ਵਾਲੇ ਸ਼ਿਵਾਸ਼ੀਸ਼ ਮਿਸ਼ਰਾ ਨੂੰ ਡੇਟ ਕੀਤਾ ਸੀ। ਹਾਲਾਂਕਿ ਕਥਿਤ ਤੌਰ ‘ਤੇ ਸਾਲ 2023 ਦੀ ਸ਼ੁਰੂਆਤ ’ਚ ਦੋਵਾਂ ਦਾ ਬ੍ਰੇਕਅਪ ਹੋ ਗਿਆ। ਹੁਣ ਜਰੀਨ ਨੇ ਵਿਆਹ ਬਾਰੇ ਅਤੇ ਜੀਵਨ ’ਚ ਪਿਆਰ ਦੀ ਭਾਲ ਨੂੰ ਲੈ ਕੇ ਆਪਣੇ ਵਿਚਾਰ ਸਾਂਝੇ ਕੀਤੇ ਹਨ।

ਉਸਨੇ ਖੁਲਾਸਾ ਕੀਤਾ ਹੈ ਕਿ ਵਿਆਹ ਕਰਨ ਦਾ ਅਜੇ ਉਸ ਦਾ ਕੋਈ ਪਲਾਨ ਨਹੀਂ ਹੈ। ਭਾਰਤੀ ਸਿੰਘ ਅਤੇ ਹਰਸ਼ ਲਿੰਬਾਚੀਆ ਦੇ ਪਾਡਕਾਸਟ ’ਤੇ ਗੱਲਬਾਤ ’ਚ ਉਸ ਤੋਂ ਪੁੱਛਿਆ ਗਿਆ ਕਿ, ਕੀ ਉਸ ਦੇ ਮਾਤਾ-ਪਿਤਾ ਉਸ ਦੇ ਲਈ ਹਮਸਫਰ ਦੀ ਭਾਲ ਕਰ ਰਹੇ ਹਾਂ ਅਤੇ ਵਿਆਹ ਨੂੰ ਲੈ ਕੇ ਉਸ ਦੀ ਕੀ ਯੋਜਨਾ ਹੈ।

ਜਵਾਬ ਦਿੰਦੇ ਹੋਏ ਜਰੀਨ ਨੇ ਕਿਹਾ,‘‘ਕੋਈ ਵੀ ਮੇਰੇ ਸਾਹਮਣੇ ਨਹੀਂ ਆਉਂਦਾ, ਜੇਕਰ ਉਹ ਕੋਸ਼ਿਸ਼ ਕਰ ਰਹੇ ਹਨ ਤਾਂ ਮੈਨੂੰ ਨਹੀਂ ਪਤਾ । ਮੈਂ ਨਹੀਂ ਕਰਨਾ ਵਿਆਹ। ਮੇਰੀ ਲਾਈਫ ਦੀ ਇਹੀ ਸੱਚਾਈ ਹੈ ਕਿ ਮੈਂ ਕਦੇ ਵਿਆਹ ਨਹੀਂ ਕਰਨਾ ਚਾਹੁੰਦੀ। ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਇਸ ਨੂੰ ਕੀ ਕਹਿੰਦੇ ਹੋ। ਅੱਜਕਲ ਚੀਜਾਂ ਜਿਸ ਤਰ੍ਹਾਂ ਨਾਲ ਹਨ।



## INSTA UPDATE



ਉਰਵਸ਼ੀ ਰੌਤੇਲਾ ਦਾ ਹੌਟ ਅੰਦਾਜ

ਵਿਦਿਆ ਬਾਲਨ ਦਾ ਖਾਸ ਅੰਦਾਜ



# ਇਸ਼ਕ ਮੁਸ਼ਕ

## ਬੁਆਏਫ੍ਰੈਂਡ ਦੀ ‘ਪੋਲ’ ਖੋਲ੍ਹੇਗੀ ਹਿਮਾਂਸ਼ੀ ਖੁਰਾਣਾ



ਆਸਿਮ ਰਿਆਜ ਦੀ ਹਰ ਪਾਸੇ ਆਲੋਚਨਾ ਹੋ ਰਹੀ ਹੈ, ਜਦੋਂ ਤੋਂ ਉਸ ਨੇ ਰਿਆਲਿਟੀ ਸ਼ੋਅ ਖਤਰੋਂ ਕੇ ਖਿਲਾੜੀ 14’ ਵਿਚ ਪੋਸਟ ਰੋਹਿਤ ਸ਼ੈੱਟੀ ਕਰੂ ਮੈਂਬਰਸ ਨਾਲ ਬਦਤਮੀਜ਼ੀ ਕੀਤੀ ਹੈ।

ਹੁਣ ਉਸ ਦੀ ਐਕਸ ਗਰਲਫ੍ਰੈਂਡ ਹਿਮਾਂਸ਼ੀ ਖੁਰਾਣਾ ਨੇ ਇਕ ਪੋਸਟ ਸ਼ੇਅਰ ਕਰਦੇ ਹੋਏ ਕਿਹਾ ਹੈ ਕਿ ਉਸ ਦਾ ਆਪਣੀ ਕਹਾਣੀ ਦੱਸਣ ਦਾ ਸਮਾਂ ਆ ਗਿਆ ਹੈ। ਪਤਾ ਹੋਵੇ ਕਿ ਆਸਿਮ ਅਤੇ ਹਿਮਾਂਸ਼ੀ ‘ਬਿਗ ਬੌਸ 13’ ਵਿਚ ਮਿਲੇ ਸਨ ਅਤੇ ਇਕ-ਦੂਸਰੇ ਨੂੰ ਦਿਲ ਦੇ ਬੈਠੇ। ਸਾਲ 2023 ‘ਚ ਧਰਮ ਨੂੰ ਲੈ ਕੇ ਆਪਸੀ ਮਤਭੇਦ ਕਾਰਨ ਇਨ੍ਹਾਂ ਦਾ ਬ੍ਰੇਕਅਪ ਹੋ ਗਿਆ। ਹੁਣ ਹਿਮਾਂਸ਼ੀ ਨੇ ਆਪਣੀ ਪੋਸਟ ‘ਚ ਲਿਖਿਆ ਹੈ, “ਮੈਂ ਆਪਣੀ ਕਹਾਣੀ ਦਾ ਖੁਲਾਸਾ ਕਰਨ ਲਈ ਤਿਆਰ ਹਾਂ।

ਹੁਣ ਸਾਰਿਆਂ ਨੂੰ ਉਡੀਕ ਹੈ ਕਿ ਆਖਿਰ ਉਹ ਕੀ ਦੱਸਣ ਵਾਲੀ ਹੈ ਪਰ ਅਜਿਹੀਆਂ ਅਟਕਲਾਂ ਹਨ ਕਿ ਉਹ ਆਪਣੇ ਬੁਆਏਫ੍ਰੈਂਡ ਦਾ ਕੱਚਾ-ਚਿੱਠਾ ਦੱਸਦੇ ਹੋਏ ਉਸ ਦੀ ਪੋਲ ਖੋਲ੍ਹ ਸਕਦੀ ਹੈ।

ਹਾਲ ਹੀ ‘ਚ ਹਿਮਾਂਸ਼ੀ ਨੇ ਇਕ ਵੀਡੀਓ ਸ਼ੇਅਰ ਕੀਤਾ, ਜਿਸ ‘ਚ ਉਹ ਦੁਲਹਨ ਦੇ ਰੂਪ ‘ਚ ਤਿਆਰ ਹੋ ਕੇ ਨਦੀ ਦੇ ਕੰਢੇ ਪੋਜ਼ ਦੇ ਰਹੀ ਹੈ। ਵੀਡੀਓ ‘ਚ ਉਹ ਲਾਲ ਰੰਗ ਦੇ ਸਲਵਾਰ ਸੂਟ ਨਾਲ ਗਹਿਣੇ, ਲਾਲ ਚੂੜਾ ਪਹਿਨੀ ਖੂਬਸੂਰਤ ਲੱਗ ਰਹੀ ਸੀ।

ਹਾਲਾਂਕਿ ਇਹ ਵੀਡੀਓ ਆਸਿਮ ਨਾਲ ਉਸ ਦੇ ਬ੍ਰੇਕਅਪ ਦੇ ਮਹੀਨਿਆਂ ਬਾਅਦ ਆਇਆ ਹੈ ਅਤੇ ਹਿਮਾਂਸ਼ੀ ਨੇ ਕੈਂਪਸ਼ਨ ‘ਚ ਲਿਖਿਆ, “ਉਹ ਜ਼ਹਿਰ ਦਿੰਦਾ ਹੈ ਤਾਂ ਪੂਰੀ ਦੁਨੀਆ ਦੀ ਨਜ਼ਰ ‘ਚ ਆ ਜਾਂਦਾ ਹੈ। ਤਾਂ ਇਹਕੀਤਾ ਕੀ ਮੈਨੂੰ ਸਮੇਂ ਸਿਰ ਦਵਾਈ ਨਹੀਂ ਦਿੱਤੀ।

## ਕ੍ਰਿਤੀ ਦੇ ਪਿਆਰ ਦੀਆਂ ਅਟਕਲਾਂ

ਕਿਆਸ ਲਗਾਏ ਜਾ ਰਹੇ ਹਨ ਕਿ ਕ੍ਰਿਤੀ ਦੀ ਰਿਸ਼ਤੇਦਾਰੀ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਨਾਲ ਬਣ ਸਕਦੀ ਹੈ। ਦਰਅਸਲ, ਧੋਨੀ ਦੇ ਸਾਲੇ ਨਾਲ ਕ੍ਰਿਤੀ ਦੇ ਰੋਮਾਂਸ ਦੀ ਚਰਚਾ ਹੈ।

ਕੁਝ ਰਿਪੋਰਟਾਂ ‘ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਧੋਨੀ ਦੇ ਸਾਲੇ ਨਾਲ ਕ੍ਰਿਤੀ ਵਿਆਹ ਕਰਨ ਜਾ ਰਹੀ ਹੈ।

ਧੋਨੀ ਦਾ ਸਾਲਾ ਹੋਰ ਕੋਈ ਨਹੀਂ, ਸਗੋਂ ਮਸ਼ਹੂਰ ਕਾਰੋਬਾਰੀ ਕਬੀਰ ਬਹੀਆ ਹੈ। ਉਹ ਲੰਡਨ ‘ਚ ਰਹਿੰਦਾ ਹੈ ਅਤੇ ਧੋਨੀ ਦੀ ਪਤਨੀ ਸਾਕਸ਼ੀ ਦਾ ਚਚੇਰਾ ਭਰਾ ਹੈ। ਰਿਪੋਰਟਾਂ ਦੀ ਮੰਨੀਏ ਤਾਂ ਕਿਤੀ ਸੈਨਨ, ਕਬੀਰ ਨਾਲ ਹੀ ਛੋਟ ਕਰ ਰਹੀ ਹੈ।

ਦੋਵਾਂ ਨੂੰ ਰਿਸ਼ਤੇ ‘ਚ ਕਾਫੀ ਲੰਬਾ ਸਮਾਂ ਹੋ ਚੁੱਕਾ ਹੈ। ਉਹ ਕਬੀਰ ਤੋਂ 9 ਸਾਲ ਛੋਟੀ ਹੈ।

ਹਾਲ ਹੀ ‘ਚ ਕਬੀਰ ਅਤੇ ਕ੍ਰਿਤੀ ਨੂੰ ਗ੍ਰੀਸ ‘ਚ ਛੁੱਟੀਆਂ ਮਨਾਉਂਦੇ ਹੋਏ ਦੇਖਿਆ ਗਿਆ, ਜਿਥੇ ਉਸ ਨੇ ਆਪਣਾ 34ਵਾਂ ਜਨਮ ਦਿਨ ਮਨਾਇਆ। ਸੂਤਰਾਂ ਦੀ ਮੰਨੀਏ ਤਾਂ ਅਗਲੇ ਸਾਲ ਤੱਕ ਉਹ ਵਿਆਹ ਕਰ ਸਕਦੇ ਹਨ।



# ਗਾਇਕ ਗਿੱਪੀ ਗਰੇਵਾਲ ਖਿਲਾਫ਼ ਵਾਰੰਟ ਜਾਰੀ

ਅਦਾਲਤ ਨੇ ਪੰਜਾਬੀ ਗਾਇਕ ਗਿੱਪੀ ਗਰੇਵਾਲ ਖਿਲਾਫ਼ ਵਾਰੰਟ ਜਾਰੀ ਕੀਤੇ ਹਨ। ਦਰਅਸਲ 'ਚ ਰੰਗਦਾਰੀ ਮਾਮਲੇ 'ਚ ਗਿੱਪੀ ਗਰੇਵਾਲ ਨੇ ਗੈਂਗਸਟਰ ਦਿਲਪ੍ਰੀਤ ਬਾਬਾ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਵਾਰ-ਵਾਰ ਨੋਟਿਸ ਜਾਰੀ ਹੋਣ ਤੋਂ ਬਾਅਦ ਵੀ ਉਹ ਗਿੱਪੀ ਗਰੇਵਾਲ ਅਦਾਲਤ 'ਚ ਪੇਸ਼ ਨਹੀਂ ਹੋਏ। ਜਿਸ ਕਾਰਨ ਹੁਣ ਮੋਹਾਲੀ ਅਦਾਲਤ ਨੇ ਪੰਜਾਬੀ ਗਾਇਕ ਖਿਲਾਫ ਵਾਰੰਟ ਜਾਰੀ ਕਰ ਦਿੱਤੇ ਹਨ। ਮੁਹਾਲੀ ਅਦਾਲਤ ਨੇ ਗਿੱਪੀ ਗਰੇਵਾਲ ਨੂੰ 24 ਜੁਲਾਈ ਨੂੰ ਪੇਸ਼ ਹੋਣ ਲਈ 5000 ਰੁਪਏ ਦੀ ਜ਼ਮਾਨਤ ਦੇ ਨਾਲ ਸੰਮਨ ਵੀ ਭੇਜੇ ਸਨ। ਜੋ ਅਦਾਲਤ 'ਚ ਵਾਪਸ ਆ ਗਿਆ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਅਗਸਤ ਨੂੰ ਹੋਵੇਗੀ। ਗਿੱਪੀ ਗਰੇਵਾਲ ਨੇ ਅਦਾਲਤ 'ਚ ਗਵਾਹੀ ਦੇਣੀ ਹੈ।



31 ਮਈ, 2018 ਨੂੰ, ਗਿੱਪੀ ਗਰੇਵਾਲ ਨੂੰ ਇੱਕ ਅਣਜਾਣ ਨੰਬਰ ਤੋਂ ਵਟਸਐਪ 'ਤੇ ਇਕ ਸੁਨੇਹਾ ਮਿਲਿਆ ਸੀ। ਇਸ ਸੁਨੇਹੇ 'ਚ ਉਸ ਨੂੰ ਇੱਕ ਨੰਬਰ ਦਿੱਤਾ ਗਿਆ ਸੀ। ਇਸ ਨੰਬਰ 'ਤੇ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨਾਲ ਗੱਲ ਕਰਨ ਲਈ ਕਿਹਾ ਗਿਆ। ਜਿਸ 'ਚ ਲਿਖਿਆ ਗਿਆ ਸੀ ਕਿ ਇਹ ਮੈਸੇਜ ਜਬਰੀ ਵਸੂਲੀ ਦੀ ਮੰਗ ਲਈ ਭੇਜਿਆ ਗਿਆ ਹੈ। ਤੁਸੀਂ ਗੱਲ ਕਰੋ ਨਹੀਂ ਤਾਂ ਤੁਹਾਡੀ ਹਾਲਤ ਪਰਮੀਸ਼ ਵਰਮਾ ਅਤੇ ਚਮਕੀਲਾ ਵਰਗੀ ਹੋ ਜਾਵੇਗੀ।

ਇਸ ਤੋਂ ਬਾਅਦ ਗਿੱਪੀ ਗਰੇਵਾਲ ਨੇ ਇਸ ਦੀ ਸ਼ਿਕਾਇਤ ਮੁਹਾਲੀ ਪੁਲੀਸ ਨੂੰ ਕੀਤੀ।ਮੁਹਾਲੀ ਪੁਲੀਸ ਨੇ ਗਿੱਪੀ ਗਰੇਵਾਲ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਸੀ। ਹੁਣ ਗਿੱਪੀ ਗਰੇਵਾਲ ਨੂੰ ਗਵਾਹੀ ਲਈ ਬੁਲਾਇਆ ਜਾ ਰਿਹਾ ਹੈ, ਪਰ ਉਹ ਅਦਾਲਤ 'ਚ ਪੇਸ਼ ਨਹੀਂ ਹੋ ਰਹੇ ਹਨ। ਇਸ ਲਈ ਅਦਾਲਤ ਵੱਲੋਂ ਅੱਜ ਮੁੜ ਸੰਮਨ ਭੇਜੇ ਗਏ ਹਨ। ਜਾਣਕਾਰੀ ਮੁਤਾਬਕ ਗਿੱਪੀ ਗਰੇਵਾਲ ਇਨ੍ਹੀਂ ਦਿਨੀਂ ਕੈਨੇਡਾ 'ਚ ਹਨ।

# ਸਭ ਤੋਂ ਵੱਧ ਕਮਾਈ ਕਰਨ ਵਾਲੇ ਗਾਇਕਾਂ 'ਚ ਸ਼ੁਮਾਰ ਹਨ ਕਰਨ ਔਜਲਾ

ਪੰਜਾਬ ਦੇ ਜ਼ਿਲ੍ਹੇ ਲੁਧਿਆਣਾ ਦੇ ਘੁਰਾਲਾ ਦੇ ਰਹਿਣ ਵਾਲੇ ਜਸਕਰਨ ਸਿੰਘ ਔਜਲਾ ਯਾਨੀ ਕਿ ਕਰਨ ਔਜਲਾ ਨੂੰ ਕੌਣ ਨਹੀਂ ਜਾਣਦਾ। ਗਾਇਕ ਇਸ ਸਮੇਂ ਸਫ਼ਲਤਾ ਦੇ ਸਿਖਰਾਂ ਦਾ ਆਨੰਦ ਮਾਣ ਰਹੇ ਹਨ। ਗਾਇਕ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਗੀਤਕਾਰ ਵਜੋਂ ਕੀਤੀ ਸੀ, ਪਰ ਅੱਜ ਔਜਲਾ ਇੱਕ ਗਾਇਕ ਵਜੋਂ ਸਥਾਪਿਤ ਹੋ ਚੁੱਕੇ ਹਨ।



**ਕਰਨ ਔਜਲਾ ਦਾ ਕਰੀਅਰ**

ਗਾਇਕ 2016 'ਚ ਆਪਣੇ ਕਈ ਗੀਤਾਂ ਜਿਵੇਂ 'ਪ੍ਰਾਪਰਟੀ ਆਫ਼ ਪੰਜਾਬ', 'ਯਾਰੀਆਂ', 'ਫਿੱਕ' ਅਤੇ 'ਲਫਾਫੇ' ਵਰਗੇ ਗੀਤਾਂ ਦੇ ਵਾਇਰਲ ਹੋਣ ਨਾਲ ਸੁਰਖੀਆਂ 'ਚ ਆਏ। ਸਤੰਬਰ 2021 'ਚ ਕਰਨ ਔਜਲਾ ਭਾਰਤ ਦੇ ਸਭ ਤੋਂ ਵੱਡੇ ਡਿਜੀਟਲ ਕਲਾਕਾਰ ਬਣ ਗਏ। ਹਾਲ ਫਿਲਹਾਲ 'ਚ ਗਾਇਕ ਨੇ ਬਾਲੀਵੁੱਡ 'ਚ ਐਂਟਰੀ ਕੀਤੀ ਹੈ ਅਤੇ ਵਿੱਕੀ ਕੌਸ਼ਲ ਦੀ ਫ਼ਿਲਮ 'ਬੈਡ ਨਿਊਜ਼' ਨੂੰ ਗੀਤ 'ਤੌਬਾ-ਤੌਬਾ' ਦਿੱਤਾ ਹੈ। ਗੀਤ ਪਲਾਂ 'ਚ ਹੀ ਹਿੱਟ ਹੋ ਗਿਆ। ਹੁਣ ਗਾਇਕ ਆਪਣੇ ਭਾਰਤੀ ਲਾਈਵ ਕੰਸਰਟ ਨੂੰ ਲੈ ਕੇ ਲਗਾਤਾਰ ਚਰਚਾ ਬਟੋਰ ਰਹੇ ਹਨ, ਜੋ ਕਿ ਦਸੰਬਰ ਮਹੀਨੇ 'ਚ ਹੋਣ ਜਾ ਰਿਹਾ ਹੈ।

**ਕਿੰਨੀ ਹੈ ਗਾਇਕ ਦੀ ਜਾਇਦਾਦ:**

ਕਰਨ ਔਜਲਾ ਦੀ ਕਮਾਈ ਦਾ ਸਰੋਤ ਕੇਵਲ ਗੀਤ ਨਹੀਂ ਹਨ, ਇਸ ਤੋਂ ਇਲਾਵਾ ਬ੍ਰਾਂਡ ਐਂਡੋਰਸਮੈਂਟ, ਸ਼ੋਸ਼ਲ ਮੀਡੀਆ, ਉਸ ਦੀ ਰਿਕਾਰਡ ਕੰਪਨੀ ਆਦਿ ਤੋਂ ਉਹ ਪੈਸਾ ਕਮਾਉਂਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ, ਕਰਨ ਔਜਲਾ ਦੀ ਕੁੱਲ ਜਾਇਦਾਦ 108 ਕਰੋੜ ਹੈ। ਗਾਇਕ ਹਰ ਮਹੀਨੇ 15 ਲੱਖ ਤੱਕ ਕਮਾਈ ਕਰਦੇ ਹਨ। ਇਸ ਤੋਂ ਇਲਾਵਾ ਗਾਇਕ ਇੱਕ ਗੀਤ ਲਈ 7-8 ਲੱਖ ਰੁਪਏ ਲੈਂਦੇ ਹਨ। ਜੇਕਰ ਸਾਲਾਨਾ ਕਮਾਈ ਦੀ ਗੱਲ ਕਰੀਏ ਤਾਂ ਗਾਇਕ ਇੱਕ ਸਾਲ 'ਚ 8 ਕਰੋੜ ਰੁਪਏ ਕਮਾ ਲੈਂਦੇ ਹਨ।

ਸਭ ਤੋਂ ਵੱਧ ਕਮਾਈ ਕਰਨ ਵਾਲੇ ਗਾਇਕਾਂ 'ਚ ਸ਼ੁਮਾਰ:

ਦੱਸਣਯੋਗ ਹੈ ਕਿ ਦਿਲਜੀਤ ਦੋਸਾਂਝ, ਯੋ ਯੋ ਹਨੀ ਸਿੰਘ, ਗੁਰਦਾਸ ਮਾਨ ਅਤੇ ਸ਼ੈਰੀ ਮਾਨ ਵਾਂਗ ਕਰਨ ਔਜਲਾ ਵੀ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੇ ਗਾਇਕਾਂ 'ਚ ਸ਼ਾਮਲ ਹਨ। ਗਾਇਕ ਦੀ ਇਸ ਸਮੇਂ ਰਿਹਾਇਸ਼ ਬ੍ਰਿਟਿਸ਼ ਕੋਲੰਬੀਆ ਯਾਨੀਕਿ ਕੈਨੇਡਾ 'ਚ ਸਥਿਤ ਹੈ। ਗਾਇਕ ਨੂੰ ਮਹਿੰਗੀਆਂ ਕਾਰਾਂ ਰੱਖਣ ਵੀ ਕਾਫੀ ਸ਼ੌਕ ਹੈ। ਇਸ ਤੋਂ ਇਲਾਵਾ ਗਾਇਕ ਕੋਲ ਇੱਕ ਨਿੱਜੀ ਜਹਾਜ਼ ਵੀ ਹੈ।

# ਬਾਲੀਵੁੱਡ

## 'ਬੇਸਬਰੀ' ਨਾਲ ਇੰਤਜ਼ਾਰ ਕਰ ਰਹੀ ਸੀ: ਨੇਹਾ ਸ਼ਰਮਾ



'ਇਲਲੀਗਲ', 'ਸ਼ਾਇਨਿੰਗ ਵਿਦ ਦ ਸ਼ਰਮਾ' ਵਰਗੀਆਂ ਵੈੱਬ ਸੀਰੀਜ਼ ਦੇ ਬਾਅਦ ਨੇਹਾ ਸ਼ਰਮਾ ਇਨ੍ਹੀਂ ਦਿਨੀਂ ਆਪਣੀ ਵੈੱਬ ਸੀਰੀਜ਼ '36 ਡੇਜ਼' ਨੂੰ ਲੈ ਕੇ ਸੁਰਖੀਆਂ 'ਚ ਹੈ। ਸੀਰੀਜ਼ 'ਚ ਉਸ ਨੇ ਫਰਾਹ ਦਾ ਕਿਰਦਾਰ ਨਿਭਾਇਆ ਹੈ।

ਸ਼ੋਅ 'ਚ ਆਪਣੀ ਕਾਸਟਿੰਗ ਬਾਰੇ ਨੇਹਾ ਨੇ ਦੱਸਿਆ, "ਮੈਨੂੰ ਨਹੀਂ ਲੱਗਦਾ ਕਿ ਕਿਸੇ ਨੇ ਵੀ ਸੋਚਿਆ ਸੀ ਕਿ ਮੈਂ ਇਕ ਗ੍ਰੇ ਕਿਰਦਾਰ ਨਿਭਾ ਸਕਦੀ ਹਾਂ, ਇਸ ਲਈ ਜਦੋਂ ਮੈਕਰਜ਼ ਨੇ '36 ਡੇਜ਼ ਲਈ ਮੇਰੇ ਨਾਲ ਗੱਲ ਕੀਤੀ, ਤਾਂ ਮੈਂ ਆਪਣੇ ਆਪ 'ਚ ਗੁੰਮ ਜਿਹੀ ਹੋ ਗਈ।" "ਮੈਂ ਓਰਿਜਨਲ ਬੀਬੀਸੀ ਸ਼ੋਅ '35 ਡਿਵਰਨੋਡ ' ਦਾ ਥੋੜ੍ਹਾ-ਜਿਹਾ ਹਿੱਸਾ ਦੇਖਿਆ ਸੀ, ਅਤੇ ਇਹ ਬਿਲਕੁਲ ਦਿਮਾਗ ਘੁਮਾਉਣ ਵਾਲਾ ਸੀ। ਜਦੋਂ ਉਨ੍ਹਾਂ ਨੇ ਮੈਨੂੰ ਇਸ ਵੈੱਬ ਸੀਰੀਜ਼ ਲਈ ਚੁਣਿਆ, ਤਾਂ ਮੈਂ ਇਸ ਦਾ ਹਿੱਸਾ ਬਣਨ ਲਈ ਕਾਹਲੀ ਸੀ। ਇਸ ਪ੍ਰਾਜੈਕਟ 'ਚ ਸ਼ਾਮਲ ਹੋਣ ਦਾ ਮੈਂ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। ਮੈਂ ਇਹ ਦੇਖਣ ਲਈ ਕਾਹਲੀ ਹਾਂ ਕਿ ਇਸ ਸ਼ੋਅ ਨੂੰ ਲੈ ਕੇ ਦਰਸ਼ਕ ਕਿਹੋ ਜਿਹੀ ਪ੍ਰਤੀਕਿਰਿਆ ਦਿੰਦੇ ਹਨ।


## ਅਜੇ ਦੇਵਗਨ ਦੀ 'ਸਨ ਆਫ ਸਰਦਾਰ-2' ਫ਼ਿਲਮ ਦੀ ਸ਼ੂਟਿੰਗ ਯੂਕੇ 'ਚ





ਸਾਲ 2012 'ਚ ਆਈ ਫਿਲਮ 'ਸਨ ਆਫ ਸਰਦਾਰ' ਦੀ ਸਫਲਤਾ ਤੋਂ ਬਾਅਦ ਅਜੇ ਦੇਵਗਨ ਨੇ ਇਸ ਐਕਸ਼ਨ ਤੇ ਕਾਮੇਡੀ ਭਰਪੂਰ ਫ਼ਿਲਮ ਦੇ ਅਗਲੇ ਸਿਕੁਅਲ 'ਸਨ ਆਫ ਸਰਦਾਰ-2' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਫ਼ਿਲਮ ਦੀ ਸ਼ੂਟਿੰਗ ਯੂਕੇ ਵਿੱਚ ਕੀਤੀ ਜਾ ਰਹੀ ਹੈ।

ਅਜੇ ਨੇ ਫ਼ਿਲਮ ਦੀ ਸ਼ੂਟਿੰਗ ਦੇ ਪਹਿਲੇ ਦਿਨ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਂਝੀਆਂ ਕੀਤੀਆਂ ਹਨ। ਇੱਕ ਵੀਡੀਓ 'ਚ ਅਜੇ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੱਥ ਜੋੜ ਕੇ ਅਰਦਾਸ ਕਰ ਰਿਹਾ ਹੈ ਤੇ ਉਸ ਦਾ ਬੇਟਾ ਯੁੱਗ ਵੀ ਉਸ ਦੇ ਨਾਲ ਮੌਜੂਦ ਹੈ। ਸ਼ੂਟਿੰਗ ਦੌਰਾਨ ਅਜੇ ਨੇ ਪੱਗ ਬੰਨ੍ਹੀ ਹੋਈ ਹੈ। ਇਸ ਫ਼ਿਲਮ ਵਿੱਚ ਅਜੇ ਨਾਲ ਸਹਿ-ਕਲਾਕਾਰ ਵਜੋਂ ਭੂਮਿਕਾ ਨਿਭਾਉਣ ਵਾਲੀ ਮ੍ਰਿਣਾਲ ਠਾਕੁਰ ਪੰਜਾਬੀ ਪਹਿਰਾਵੇ 'ਚ ਸਜੀ ਹੋਈ ਹੈ।


WALKER HOUSE
NOW SELLING
NORTH DELTA'S FLAGSHIP HIGH-RISE COMMUNITY
WalkerHouseDelta.com
rennie

# Employment Opportunity

## Media Relations Coordinators [NOC 11202]

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202] .

This is a permanent, full-time position which offers various shifts with 40 hours' work per week depending on schedule.

Location of work: Primary work location will be at 700-4211 Kingsway, Burnaby, B.C. V5H 1Z6, Canada.

The positions are available immediately.

## Job Description

- Strategize marketing and promotion for motion films and other projects based on project;

- Develop marketing plans and content for online [digital] marketing and offline media campaigns;

- Develop, handle and monitor social media accounts for promotion of project and prepare reports based on audience response;

-Maintain long term relations with media channels and to negotiate competitive deals for promotional activities;

- Development and management of organizations advertising and promotion budget for projects;

- Arrange press conferences and briefings and to be the organization's media liaison and formal spokesperson.

## Employment Requirements

- Formal education: post-secondary education is required;
- Serve as the organization's media liaison and formal spokesperson.
- Previous experience in project promotions;
- Critical thinker with strong conceptual and research skills.
- Ability to work under pressure and meet deadlines.
- Ability to work independently and as part of a team.
- Excellent interpersonal, verbal and writing skills.
- Meticulous, dependable and possess team motivational skills.

## Location of work:

The primary work location will be at 700-4211 Kingsway, Burnaby, B.C. V5H 1Z6, Canada.

The positions are available immediately.

**Please email resumes to** *thind10084@gmail.com* and qualified candidates will be contacted.

This position is open to Newcomers to Canada, Visible Minorities and Indigenous Persons.

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202].

This is a permanent, full-time position that offers various shifts with 40 hours of work per week depending on schedule.

# ਪੰਜਾਬਣਾਂ ਦੀ ਮਾਣ ਤੇ ਸ਼ਾਨ ਹੈ ਚੁੰਨੀ

ਪੰਜਾਬੀਆਂ ਦੇ ਚਾਹੇ ਮਰਦ ਹੋਵੇ ਚਾਹੇ ਔਰਤ, ਉਨ੍ਹਾਂ ਦੇ ਪਹਿਰਾਵੇ ਦਾ ਵੀ ਕੋਈ ਸਾਨੀ ਨਹੀਂ। ਔਰਤਾਂ ਦੇ ਪਹਿਰਾਵੇ ਦੇ ਦਾਇਰੇ ਵਿਚ ਇੱਕ ਦੋ ਤੋਂ ਢਾਈ ਗਜ ਦਾ ਹਲਕਾ ਕੱਪੜਾ ਆਉਂਦਾ ਹੈ ਜਿਸਦਾ ਨਾਂਅ ਹੈ, “ਚੁੰਨੀ” ਜਾਂ “ਦੁਪੱਟਾ” । ਅੱਜਕੱਲ੍ਹ ਸੂਤੀ, ਪਿਯੋਰ, ਹਾਫ਼ ਪਿਯੋਰ, ਸੈਮੀ ਪਿਯੋਰ, ਆਰਗੰਜਾ, ਸਫ਼ੂਨ ਜਾਂ ਚਨੂਨ ਦੀ ਚੁੰਨੀਆਂ ਮਾਰਕੀਟ ਵਿਚ ਉਪਲੱਬਧ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ-ਅੰਗਰੇਜ਼ੀ ਸ਼ਬਦ-ਕੋਸ਼ (ਪੰਨਾ ਨੰ: 326) ਅਨੁਸਾਰ, ਚੁੰਨੀ ਦਾ ਅਰਥ ਹੈ, ‘scarf, a light head-cloth for woman’ ਚਾਹੇ ਚੁੰਨੀ ਸਿਰ ’ਤੇ ਓੜਣ ਸਿਰ ਢੱਕਣ ਵਾਲਾ ਇੱਕ ਹਲਕਾ ਕੱਪੜਾ ਹੈ ਪਰ ਇਸਦੇ ਅਰਥ ਔਰਤ ਦੀ ਸ਼ਰਮ-ਹਯਾ, ਸਨਮਾਨ, ਸਤਿਕਾਰ ਆਦਿ ਨਾਲ ਜਾ ਕੇ ਜੁੜਦੇ ਹਨ। ਇਹ ਸੁਹਾਗਣ ਲਈ ਸ਼ਗਨਾਂ ਦਾ ਚਿੰਨ੍ਹ ਹੈ ਅਤੇ ਵਿਧਵਾ ਇਸਤਰੀ ਲਈ ਇੱਕ ਸਿਰ ਕੱਜਣ ਦਾ ਵਸੀਲਾ ਵੀ ਹੈ। ਜਿਸ ਔਰਤ ਦਾ ਸਿਰ ਦਾ ਸਾਇਆ ਭਰ ਜੋਬਨ ਵਿਚ ਉਸਨੂੰ ਸਦਾ ਲਈ ਛੱਡ ਜਾਵੇ ਤਾਂ ਇਹ ਚੁੰਨੀ ਹੀ ਉਸਦੀ ਇੱਜ਼ਤ ਦਾ ਸਹਾਰਾ ਹੁੰਦੀ ਹੈ।

ਸੁਹਾਗਣ ਦੀ ਚੁੰਨੀ ਅਤੇ ਵਿਧਵਾ ਔਰਤ ਦੀ ਚੁੰਨੀ ਵਿਚ ਆਪਸੀ ਰੰਗਾਂ ਦਾ ਜ਼ਮੀਨ ਅਸਮਾਨ ਦਾ ਵਖਰੇਵਾਂ ਹੁੰਦਾ ਹੈ ਜਿਵੇਂ ਡਾਂਗ ਦੇ ਦੋ ਸਿਰੇ ਹੋਣ। ਸ਼ਗਨਾਂ ਦਾ ਰੰਗ ਗੂੜ੍ਹਾ ਲਾਲ ਜਾਂ ਉਨਾਭੀ ਹੁੰਦਾ ਹੈ (ਜ਼ਿਆਦਾਤਰ ਲਾਲ ਰੰਗ ਹੀ) ਤੇ ਵਿਧਵਾ ਲਈ ਜਾਂ ਸੋਗ ਭਰੇ ਸਮਾਗਮਾਂ ਲਈ ਸਫ਼ੈਦ ਜਾਂ ਘਸਮੈਲਾ



ਸਫ਼ੈਦ ਰੰਗ (ਜ਼ਿਆਦਾਤਰ ਸਫ਼ੈਦ ਰੰਗ ਹੀ) ਹੁੰਦਾ ਹੈ। ਸ਼ਗਨਾਂ ਦੇ ਰੰਗ ਵਿਚ ਗੁਲਾਬੀ ਰੰਗ ਨੂੰ ਵੀ ਸ਼ਾਮਿਲ ਕਰ ਲਿਆ ਜਾਂਦਾ ਹੈ। ਚੁੰਨੀ ਦੇ ਗੂੜ੍ਹੇ ਰੰਗ ਸ਼ਗਨਾਂ ਅਤੇ ਹਲਕੇ ਰੰਗ ਸੋਗ ਸਮਾਗਮਾਂ ਵਿਚ ਵਰਤੇ ਜਾਂਦੇ ਹਨ। ਚੁੰਨੀ ਜਾਂ ਦੁਪੱਟੇ ਦੀ ਅਹਿਮੀਅਤ ਲੜਕੀ ਦੇ ਚੜ੍ਹਦੀ ਉਮਰ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਹੀ ਸ਼ੁਰੂ ਹੋ ਜਾਂਦੀ ਹੈ।ਲੜਕੀ ਨੂੰ ਜਵਾਨੀ ਦੇ ਸ਼ੁਰੂਆਤੀ ਸਮਿਆਂ ਤੋਂ ਹੀ ਹਮੇਸ਼ਾ ਸਿਰ ਚੁੰਨੀ ਨਾਲ ਢੱਕ ਕੇ ਰੱਖਣਾ ਸਿਖਾਇਆ ਜਾਂਦਾ ਹੈ। ਜਦੋਂ ਕੋਈ ਨੌਜਵਾਨ ਲੜਕੀ ਘਰੋਂ ਬਾਹਰ ਜਾਂਦੀ ਹੈ ਤਾਂ ਉਹ ਆਪਣਾ ਸਿਰ ਚੁੰਨੀ ਨਾਲ ਕੱਜ ਕੇ ਜਾਂਦੀ ਹੈ। ਲੜਕੀ ਦੇ ਇਸ ਤਰ੍ਹਾਂ ਕਰਨ ਨਾਲ ਚੁੰਨੀ ਦੇ ਲੜ ਵਿਚਦੀ ਦੇਖਣ ’ਤੇ ਕਵੀ ਮਨ ਪਿਘਲਦਾ ਹੋਇਆ ਇਹ ਆਖਦਾ ਹੈ: ਘੁੰਡ ਵਿਚ ਨਹੀਂ ਲੁਕਦੇ ਸੱਜਣਾ.. ਪਰ ਜਦੋਂ ਕੋਈ ਕੰਤ ਵਿਹੂਣੀ ਭਾਵ ਵਿਧਵਾ ਔਰਤ ਘਰੋਂ ਬਾਹਰ ਪੈਰ ਪੁੱਟਦੀ ਹੈ ਤਾਂ ਉਹ ਆਪਣੇ ’ਤੇ ਲਾਗੂ ਹੁੰਦੇ ਸੱਭਿਆਚਾਰਕ ਨਿਯਮਾਂ ਦਾ ਪਾਲਣ ਕਰਦੀ ਹੈ। ਉਹ ਬਿਨਾਂ ਹਾਰ-ਸ਼ਿੰਗਾਰ ਤੋਂ ਅਤੇ ਆਪਣੇ ਸਿਰ ’ਤੇ ਸਫ਼ੈਦ ਜਾਂ ਘਸਮੈਲੇ ਜਿਹੇ ਰੰਗ ਦੀ ਚੁੰਨੀ ਲੈ ਕੇ ਹੀ ਬਰੂਹਾਂ ਤੋਂ ਬਾਹਰ ਕਦਮ ਰੱਖਦੀ ਹੈ। ਜੇਕਰ ਕਦੇ ਉਹ ਥੋੜ੍ਹਾ-ਮੋਟਾ ਆਪਣਾ ਮਨ ਪ੍ਰਚਾਵਾ ਕਰ ਵੀ ਲਵੇ ਤਾਂ ਉਹ ਪਲ ਕਵੀ ਮਨ ਦੀ ਸੰਵੇਦਨਾ ਤੋਂ ਬਚਿਆ ਨਹੀਂ ਰਹਿੰਦਾ,‘ਚਿੱਟੀ ਚੁੰਨੀ ਦਾਗ਼ ਨਾ ਲੱਗ ਜਾਏ,ਸਾਂਭ ਲਉ ਪੱਲਾ ਲਮਕੇ. ਤੇਰੀ ਝਾਂਜਰ ਛਣ ਛਣਕੇ..।”ਔਰਤ ਜਾਤੀ ਸੂਖ਼ਮ-ਭਾਵੀ ਤੇ ਸੰਵੇਦਨਸ਼ੀਲ ਹੋਣ ਕਾਰਨ ਭਾਵਾਂ ਜਾਂ ਤ੍ਰਿਸ਼ਨਾਵਾਂ ’ਤੇ ਕਾਬੂ ਕਰਕੇ ਰੱਖਦੀ ਹੈ ਜਿਸ ਕਾਰਨ ਉਸਦਾ ਸਮਾਜ ਵਿਚ ਮਾਣ-ਸਤਿਕਾਰ ਬਣਿਆ ਰਹਿੰਦਾ ਹੈ। ਚੁੰਨੀ ਜਾਂ ਦੁਪੱਟਾ ਪੰਜਾਬੀ ਘਰਾਂ ਦੀ ਸ਼ਾਨ ਹੈ। ਚਾਹੇ ਪੰਜਾਬੀ ਸੱਭਿਆਚਾਰ ਵਿਚ ਇਸ ਪਹਿਰਾਵੇ ਦੇ ਨਾਲ਼-ਨਾਲ਼ ਹੋਰ ਇਲਾਕੇ ਦੇ ਸੱਭਿਆਚਾਰਕ ਪਹਿਰਾਵਿਆਂ ਨਾਲ ਵੀ ਮੇਲ ਦੇਖਣ ਨੂੰ ਮਿਲਦਾ ਹੈ ਪਰ ਉਨ੍ਹਾਂ ਦੇ ਪਹਿਰਾਵੇ ਦਾ ਪੰਜਾਬੀ ਸੱਜ-ਧੱਜ ਨਾਲੋਂ ਬਹੁਤ ਫ਼ਰਕ ਹੈ। ਬਾਲੀਵੁੱਡ ਦੀਆਂ ਕਈ ਫ਼ਿਲਮਾਂ ਦਾ ਦਰਸ਼ਕਾਂ ਵੱਲੋਂ ਕਬੂਲ ਕਰਨਾ ਤੇ ਬਾਕਸ- ਆਫ਼ਸ ’ਤੇ ਹਿੱਟ ਹੋਣਾ ਉਨ੍ਹਾਂ ਫ਼ਿਲਮਾਂ ਵਿਚ ਪੰਜਾਬੀ ਸਭਿਆਚਾਰ ਦੇ ਕੁਝ ਅੰਸ਼ ਪੇਸ਼ ਕਰਨਾ ਹੀ ਮੁੱਖ ਕਾਰਨ ਰਿਹਾ ਹੈ। ਸੋ ਚੁੰਨੀ ਜਾਂ ਚੁਨਰੀ ਦਾ ਸਲਵਾਰ-ਕਮੀਜ਼ ਨਾਲ਼ ਦੇਸ਼- ਵਿਦੇਸ਼ ਵਿਚ ਫ਼ੈਸ਼ਨ ਬਣਨਾ ਸੁਭਾਵਿਕ ਨਿਬੜਿਆ। ਪੰਜਾਬੀਆਂ ਨੇ ਪੰਜਾਬ ਤੋਂ ਬਾਹਰ ਦੇਸ਼ ਦੇ ਹੋਰ ਸੂਬਿਆਂ ਜਾਂ ਵਿਦੇਸ਼ਾਂ ਵੱਲ ਰੁਖ਼ ਕਰਨਾ ਵੀ ਚੁੰਨੀ, ਸਲਵਾਰ-ਕਮੀਜ਼ ਦਾ ਮਕਬੂਲ ਹੋਣਾ ਕਾਰਨ ਬਣਿਆ ਹੈ। ਚੁੰਨੀ ਨੂੰ ਚੁਨਰੀ, ਡੋਰੀਆ, ਦੁਪੱਟਾ ਆਦਿ ਔਰਤ ਨੂੰ ਸਿਰ ਢੱਕਣ ਦੇ ਨਾਲ-ਨਾਲ ਘਰ ਦੀ ਆਬਰੂ ਦਾ ਖ਼ਿਆਲ ਵੀ ਚੇਤੇ ਕਰਾਉਂਦੀ ਹੈ। ਜਿਵੇਂ ਵਿਆਹੁਤਾ ਨੂੰ ਪੇਕਿਆਂ ਤੋਂ ਸਹੁਰੇ ਘਰ ਆਉਂਦਿਆਂ ਨਸੀਹਤ ਰੂਪੀ ਭਾਵਾਂ ਨੂੰ ਗੀਤ ਵਿਚ ਦਰਸਾਇਆ ਹੈ,‘ਘੁੰਡ ਕੱਢ ਲੈ ਪਤਲੀਏ ਨਾਰੇ,ਸਹੁਰਿਆਂ ਦਾ ਪਿੰਡ ਆ ਗਿਆ...।” ਕੁੜੀਆਂ, ਅਣ-ਵਿਆਹੀਆਂ ਨੂੰ ਸੂਟ ਨਾਲੋਂ ਵੱਖਰੇ ਰੰਗ ਦੇ ਦੁਪੱਟੇ/ਚੁੰਨੀਆਂ ਪਸੰਦ ਹੁੰਦੇ ਅਤੇ ਉਨ੍ਹਾਂ ਦੀ ਦਿਲਚਸਪੀ ਇਹੋ ਜਿਹੇ ਰੰਗਾਂ ਦੀ ਹੀ ਹੁੰਦੀ ਹੈ ਪਰ ਸੱਜ- ਵਿਆਹੀਆਂ ਸੂਟ ਦੇ ਨਾਲ਼ ਦੇ ਰੰਗ ਦੀ ਹੀ ਚੁੰਨੀ ਲੈਂਦੀਆਂ ਹਨ ਜਾਂ ਪਤੀ ਦੀ ਪੱਗ ਨਾਲ਼ ਮੈਚਿੰਗ ਕਰਕੇ ਖ਼ਰੀਦ ਕਰਦੀਆਂ ਹਨ। ਇਸ ਬਾਰੇ ਲੋਕ-ਕਾਵਿ ਟੱਪਾ ਹੈ,‘ਪਾਵੇ,ਨਿੱਤ ਦਿਲ ‘ਚ ਖ਼ਿਆਲ ਨਵਾਂ ਆਵੇ, ਚੁੰਨੀ ਲੈਣੀ ਪੱਗ ਵਰਗੀ, ਰੰਗ ਦੋਵਾਂ ਦਾ ਇੱਕੋ ਹੋ ਜਾਵੇ।’ ਅੱਜ ਦੀ ਪੀੜ੍ਹੀ ਫੈਸ਼ਨਗ੍ਰਸਤ ਹੋ ਚੁੱਕੀ ਹੈ। ਸਿਰ ‘ਤੇ ਚੁੰਨੀ ਨਾ ਲੈਣਾ ਸਮਾਜਿਕ ਨਿਘਾਰ ਦੀ ਨਿਸ਼ਾਨੀ ਹੈ।

**ਮਾਲਵਿੰਦਰ ਸ਼ਾਇਰ**

# CLASSIFIED - MATRIMONIAL - EMPLOYEMENT - RENTAL

TO ADVERTISE IN OUR CLASSIFIED SECTION >> CALL: 604-507-8009 OR E-MAIL: punjabijournal@gmail.com


## ਅਖਬਾਰ ਡਿਲੀਵਰੀ ਵਾਲੇ ਦੀ ਲੋੜ

ਵੈਨਕੂਵਰ, ਬਰਨਬੀ, ਰਿਚਮੰਡ ’ਚ ਅਖਬਾਰ ਦੀ ਡਿਲੀਵਰੀ ਕਰਨ ਵਾਲਿਆਂ ਦੀ ਲੋੜ ਹੈ। ਉਮੀਦਵਾਰ ਕੋਲ ਆਪਣੀ ਵੈਨ ਜਾਂ ਢੁਕਵਾਂ ਸਾਧਨ ਹੋਣਾ ਚਾਹੀਦਾ ਹੈ। ਤਨਖਾਹ $15 ਪ੍ਰਤੀ ਘੰਟਾ ਦਿੱਤੀ ਜਾਵੇਗੀ। ਆਪਣਾ ਫੋਨ ਨੰ: ਸਾਨੂੰ ਈ-ਮੇਲ ’ਚ ਭੇਜੋ ਅਸੀਂ ਤੁਹਾਨੂੰ ਫੋਨ ਕਰਾਂਗੇ। ਚਾਹਵਾਨ ਹੋਰ ਜਾਣਕਾਰੀ ਲਈ ਈਮੇਲ ਕਰ ਸਕਦੇ ਹਨ: infoswmedia@gmail.com

ਪੰਚਕੁਲਾ, ਚੰਡੀਗੜ੍ਹ, ਮੁਹਾਲੀ ਅਤੇ ਜ਼ੀਰਕਪੁਰ ਵਿਖੇ ਜਾਇਦਾਦ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

ਮੋਬਾਇਲ ਨੰਬਰ :
+91-987-604-7722
ਅਗਰਵਾਲ ਪ੍ਰਾਪਰਟੀ ਕੰਸਲਟੈਂਟ (ਰਜਿ:)
ਪੰਚਕੂਲਾ, ਹਰਿਆਣਾ (ਇੰਡੀਆ)

## WE ARE HIRING

Hiring sales clerk
for family run sewing store.
Sewing, cash, computer
skills required.
English essential.
Full/ part time.
Email resume to
info@tomssewing.com

## ਸੇਲ ਕਲਰਕ ਦੀ ਲੋੜ

ਪਰਿਵਾਰ ਦੁਆਰਾ ਚਲਾਏ ਜਾਣ ਵਾਲੇ ਸਿਲਾਈ ਸਟੋਰ ਲਈ ਸੇਲ ਕਲਰਕ ਦੀ ਲੋੜ ਹੈ।
ਅੰਗਰੇਜ਼ੀ ਬੋਲਣੀ ਆਉਣੀ ਲਾਜ਼ਮੀ
ਸਿਲਾਈ ਕਰਨੀ ਅਤੇ ਕੰਪਿਊਟਰ ਚਲਾਉਣਾ ਆਣਾ ਚਾਹੀਦਾ ਹੈ।
(ਫੁੱਲ ਟਾਈਮ/ਪਾਰਟ ਟਾਈਮ)
ਆਪਣਾ ਬਾਇਓ ਡੈਟਾ ਭੇਜੋ
info@tomssewing.com

Heart&Stroke™

## ਸਟਰੋਕ ਦੇ ਲੱਛਣ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 911 ’ਤੇ ਫ਼ੋਨ ਕਰੋ

Learn the signs, act FAST and call 9-1-1.

heartandstroke.ca/FAST

© Heart and Stroke Foundation of Canada, 2017 | ™The heart and / icon on its own or followed by another icon or words in English are trademarks of the Heart and Stroke Foundation of Canada.

## REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ
Satwinder Reehal
604-327-5096

## BUDGET KITCHEN CABINETS LTD.

"Since 1985"

Specialized in European Style & Traditional Style 90% Wrap, Full Wrap M.D.F. Solid Oak, Panel Oak, and Maple. Kitchen Cabinets



13140 - 88th Ave. Surrey

Bus: 604-591-5586 Cell: 604-351-3804

## RIGHTWAY PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing,
- Power Washing,
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL
604-834-4335 <> 604-581-5759

# ਦਿੱਲੀ ਪੰਜਾਬ ਨਾਲ ਕਿਉਂ ਕਰਦੀ ਹੈ ਮਤਰੇਈ ਮਾਂ ਵਾਲਾ ਸਲੂਕ

ਸੈਂਟ੍ਰਲ ਟੈਕਸ ਪੂਲ 'ਚੋਂ ਸੂਬਿਆਂ ਨੂੰ ਟੈਕਸ ਵੰਡ 'ਚ ਭੇਦਭਾਵ ਚਿੰਤਾਜਨਕ ਹੈ। ਕੁਝ ਸੂਬਿਆਂ ਤੱਕ ਸੀਮਤ ਨਾ ਰਹਿੰਦੇ ਹੋਏ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ' ਦੀ ਭਾਵਨਾ ਸਾਕਾਰ ਕਰਨ ਨੂੰ ਫਿਸਕਲ ਫੈਡਰਲਿਜ਼ਮ ਭਾਵ ਸਰਕਾਰੀ ਖਜ਼ਾਨਾ ਸੰਘਵਾਦ 'ਚ ਕੇਂਦਰ ਤੇ ਸੂਬਿਆਂ ਦਰਮਿਆਨ ਨਿਆਸੰਗਤ ਮਾਲੀਏ ਦੀ ਵੰਡ ਲਈ ਸੁਧਾਰਾਂ ਦੀ ਲੋੜ ਹੈ। 2024-25 ਦੇ ਕੇਂਦਰੀ ਬਜਟ ਤੋਂ ਦੇਸ਼ ਦੇ ਸੰਪੂਰਨ ਵਿਕਾਸ ਲਈ ਪੰਜ ਸਾਲ ਦਾ ਇਕ ਵਿਆਪਕ ਆਰਥਿਕ ਏਜੰਡਾ ਤੈਅ ਹੋਣ ਦੀ ਉਮੀਦ ਸੀ ਪਰ ਸਿਆਸੀ ਹਮਾਇਤ ਬਦਲੇ ਬਿਹਾਰ ਨੂੰ 26,000 ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਨੂੰ 15,000 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੇ ਸਿੱਟੇ ਵਜੋਂ ਬਾਕੀ ਸੂਬਿਆਂ 'ਚ ਵਿੱਤੀ ਅਸੰਤੁਲਨ ਪੈਦਾ ਹੋਣਾ ਸੁਭਾਵਕ ਹੈ। ਲੈਂਡ-ਲਾਕਡ ਬਾਰਡਰ ਸਟੇਟ ਪੰਜਾਬ ਅਤੇ ਆਰਥਿਕ ਤੌਰ 'ਤੇ ਪਿਛੜੇ ਸੂਬਿਆਂ ਨੂੰ ਵੀ ਪੈਕੇਜ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਇਨ੍ਹਾਂ ਸੂਬਿਆਂ ਨੂੰ ਵੀ ਆਪਣੇ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਦੇਣ ਲਈ ਲੋੜੀਂਦੇ ਫੰਡ ਦੀ ਲੋੜ ਹੈ।




ਕਦੀ ਖੁਸ਼ਹਾਲ ਸੂਬਾ ਰਿਹਾ ਪੰਜਾਬ ਅੱਜ ਆਪਣੀ ਸੰਕਟਗ੍ਰਸਤ ਖੇਤੀ ਅਤੇ ਖੜੋਤ ਵਾਲੇ ਉਦਯੋਗਿਕ ਵਿਕਾਸ ਕਾਰਨ ਬੇਲਗਾਮ ਬੇਰੋਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਬੀਤੇ 5 ਸਾਲਾਂ ਦੌਰਾਨ 3.6 ਫੀਸਦੀ ਉਦਯੋਗਿਕ ਵਿਕਾਸ ਦਰ ਨੇ ਪੰਜਾਬ ਨੂੰ ਉਦਯੋਗਿਕ ਵਿਕਾਸ ਦੇ ਮਾਮਲੇ 'ਚ ਸੂਬਿਆਂ 'ਚ 12ਵੇਂ ਸਥਾਨ 'ਤੇ ਪਹੁੰਚਾ ਦਿੱਤਾ ਹੈ ਜਦਕਿ ਗੁਆਂਢੀ ਸੂਬੇ ਹਰਿਆਣਾ ਦੀ ਉਦਯੋਗਿਕ ਵਿਕਾਸ ਦਰ 6 ਫੀਸਦੀ ਦੇ ਪਾਰ ਰਹੀ ਹੈ।

ਜੀ. ਡੀ. ਪੀ. ਭਾਵ ਮਾਲੀ ਹਾਲਤ ਦੇ ਮਾਮਲੇ 'ਚ ਸਾਲ 1981 'ਚ ਪਹਿਲੇ ਤੋ 2004 'ਚ ਚੌਥੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਵਿੱਤੀ ਸਾਲ 2023-24 'ਚ 6.98 ਲੱਖ ਕਰੋੜ ਰੁਪਏ ਦੀ ਜੀ. ਡੀ. ਪੀ. ਨਾਲ 16ਵੇਂ ਸਥਾਨ 'ਤੇ ਤਿਲਕ ਗਿਆ ਹੈ, ਜਦਕਿ 12ਵੇਂ ਸਥਾਨ 'ਤੇ ਰਿਹਾ ਗੁਆਂਢੀ ਸੂਬਾ ਹਰਿਆਣਾ ਦੀ ਜੀ. ਡੀ. ਪੀ. 11. 20 ਲੱਖ ਕਰੋੜ ਰੁਪਏ ਰਹੀ। ਕਦੀ ਬਿਮਾਰੂ; ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੀ ਸ਼੍ਰੇਣੀ 'ਚ ਰਿਹਾ ਬਿਹਾਰ 8.59 ਲੱਖ ਕਰੋੜ ਰੁਪਏ ਦੀ ਜੀ. ਡੀ. ਪੀ. ਨਾਲ ਤੇਜ਼ੀ ਨਾਲ ਵਧਦੀ ਅਰਥਵਿਵਸਥਾ ਵਾਲੇ ਸੂਬਿਆਂ 'ਚ ਸ਼ਾਮਲ ਹੋ ਗਿਆ ਹੈ। ਇਧਰ ਅਸੰਤੁਲਿਤ ਆਰਥਿਕ ਵਿਕਾਸ ਤੇ ਬੇਰੋਜ਼ਗਾਰੀ ਕਾਰਨ ਸੰਵੇਦਨਸ਼ੀਲ ਪੰਜਾਬ ਅਪਰਾਧ, ਡਰੱਗਜ਼ ਤੇ ਕਾਨੂੰਨ ਵਿਵਸਥਾ ਦੇ ਮੋਰਚੇ 'ਤੇ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

ਵਧਦੀ ਬੇਰੋਜ਼ਗਾਰੀ ਕਾਰਨ ਪੰਜਾਬ ਤੋਂ ਵੱਡੇ ਪੈਮਾਨੇ 'ਤੇ ਕੈਨੇਡਾ ਵਰਗੇ ਦੇਸ਼ਾਂ 'ਚ ਬਿਹਤਰ ਕਰੀਅਰ ਦੀ ਚਾਹ 'ਚ ਹਿਜ਼ਰਤ ਪਿੱਛੋਂ ਗੁੰਮਰਾਹ ਹੋਏ ਕਈ ਪੰਜਾਬੀ ਨੌਜਵਾਨਾਂ ਦੀਆਂ ਭਾਰਤ ਵਿਰੋਧੀ ਸਰਗਰਮੀਆਂ 'ਤੇ ਤੁਰੰਤ ਧਿਆਨ ਅਤੇ ਹੱਲ ਦੀ ਲੋੜ ਹੈ। ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੋਣ ਦਾ ਅਸਰ ਵੀ ਪੰਜਾਬ ਦੀ ਅਰਥਵਿਵਸਥਾ 'ਤੇ ਪੈ ਰਿਹਾ ਹੈ। ਸਰਹੱਦ ਪਾਰ ਤੋਂ ਡ੍ਰੋਨ ਰਾਹੀਂ ਡਰੱਗਜ਼ ਅਤੇ ਹਥਿਆਰਾਂ ਦੀ ਦਹਿਸ਼ਤ ਪੰਜਾਬ ਦੀ ਕਾਨੂੰਨਵਿਵਸਥਾ ਅਤੇ ਸਮਾਜਿਕ ਤਾਣੇ-ਬਾਣੇ ਲਈ ਗੰਭੀਰ ਖਤਰਾ ਹੈ। ਇਨ੍ਹਾਂ ਸਾਰੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਪੰਜਾਬ ਨੂੰ ਵੀ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਦੇ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ ਹੈ। ਟੈਕਸ ਵੰਡ 'ਚ ਸੁਧਾਰ ਦੀ ਲੋੜ : ਸੈਂਟ੍ਰਲ ਟੈਕਸ ਪੂਲ 'ਚੋਂ ਟੈਕਸ ਵੰਡ 'ਚ ਹੋ ਰਿਹਾ ਭੇਦਭਾਵ ਵੀ ਇਕ ਗੰਭੀਰ ਮੁੱਦਾ ਹੈ।ਸੈਂਟ੍ਰਲ ਟੈਕਸ ਪੂਲ 'ਚ ਦਿੱਤੇ ਗਏ ਹਰ ਇਕ ਰੁਪਏ ਬਦਲੇ ਪੰਜਾਬ ਨੂੰ ਸਿਰਫ 51 ਪੈਸੇ ਮਿਲਦੇ ਹਨ ਜਦਕਿ ਬਿਹਾਰ ਵਰਗੇ ਸੂਬੇ ਨੂੰ 120 ਰੁਪਏ। ਅਜਿਹੇ 'ਚ ਪੰਜਾਬ ਨੂੰ ਆਰਥਿਕ ਤੌਰ 'ਤੇ ਪੱਛੜੇ ਦੂਜੇ ਸੂਬਿਆਂ ਦੀ ਸਮਾਜਿਕ, ਆਰਥਿਕ ਦਸ਼ਾ 'ਚ ਸੁਧਾਰ ਲਈ ਸੈਂਟ੍ਰਲ ਟੈਕਸ ਪੂਲ ਤੋਂ ਮਾਲੀਏ ਦੀ ਵੰਡ ਦੀ ਪ੍ਰਣਾਲੀ 'ਚ ਸੁਧਾਰ ਦੀ ਲੋੜ ਹੈ।

ਸੈਂਟ੍ਰਲ ਟੈਕਸ ਪੂਲ 'ਚ ਪੰਜਾਬ ਦਾ ਯੋਗਦਾਨ ਲਗਭਗ 3 ਫੀਸਦੀ ਹੈ ਜਦਕਿ ਪੰਦਰਵੇਂ ਵਿੱਤ ਕਮਿਸ਼ਨ ਵੱਲੋਂ 2022- 23 ਦੌਰਾਨ ਸੂਬਿਆਂ ਨੂੰ ਵੰਡੇ ਗਏ 8,16,649 ਕਰੋੜ ਰੁਪਏ 'ਚੋਂ ਸਿਰਫ 1.8 ਫੀਸਦੀ ਪੰਜਾਬ ਨੂੰ ਪ੍ਰਾਪਤ ਹੋਇਆ।ਉੱਥੇ ਹੀ ਭੂਗੋਲਿਕ ਖੇਤਰ ਅਤੇ ਆਬਾਦੀ ਦੇ ਆਧਾਰ 'ਤੇ ਉੱਤਰ ਪ੍ਰਦੇਸ਼ ਨੂੰ ਸਭ ਤੋਂ ਵੱਧ 18 ਫੀਸਦੀ ਅਤੇ ਬਿਹਾਰ ਨੂੰ 10 ਫੀਸਦੀ ਦੀ ਦੂਜੀ ਸਭ ਤੋਂ ਵੱਡੀ ਹਿੱਸੇਦਾਰੀ ਕੇਂਦਰੀ ਟੈਕਸ ਪੂਲ 'ਚੋਂ ਮਿਲੀ ਹੈ। ਕੇਂਦਰ ਦੇ ਖਜ਼ਾਨੇ 'ਚ ਵੱਧ ਯੋਗਦਾਨ ਦੇ ਬਾਵਜੂਦ ਉਚਿਤ ਹਿੱਸਾ ਦਿੱਤੇ ਜਾਣ ਦੀ ਪੰਜਾਬ ਅਤੇ ਹੋਰ ਸੂਬਿਆਂ ਦੀ ਮੰਗ ਜਾਇਜ਼ ਹੈ।

ਵਿੱਤੀ ਸਾਲ 2022-23 ਦੌਰਾਨ ਸੈਂਟ੍ਰਲ ਟੈਕਸ ਪੂਲ 'ਚ ਸੀ. ਜੀ. ਐੱਸ. ਟੀ., ਇਨਕਮ ਟੈਕਸ, ਕਾਰਪੋਰੇਟ ਟੈਕਸ, ਵੈਲਥ ਟੈਕਸ, ਯੂਨੀਅਨ ਐਕਸਾਈਜ਼ ਡਿਊਟੀ, ਕਸਟਮ ਡਿਊਟੀ ਅਤੇ ਸਰਵਿਸ ਟੈਕਸ ਦੇ ਤੌਰ 'ਤੇ 32,800 ਕਰੋੜ ਰੁਪਏ ਦੇਣ ਵਾਲੇ ਪੰਜਾਬ ਨੂੰ ਬਦਲੇ 'ਚ ਸਿਰਫ 14,756 ਕਰੋੜ ਰੁਪਏ ਮਿਲੇ। ਇਸ ਮਸਲੇ ਨੂੰ 16ਵੇਂ ਫਾਇਨਾਂਸ ਕਮਿਸ਼ਨ ਦੇ ਸਾਹਮਣੇ ਉਠਾਉਂਦੇ ਹੋਏ ਪੰਜਾਬ ਨੇ ਕਿਹਾ ਕਿ ਉਹ ਕੇਂਦਰ ਲਈ ਜੁਟਾਏ ਟੈਕਸ 'ਚ ਬਣਦੀ ਹਿੱਸੇਦਾਰੀ ਦਾ ਹੱਕਦਾਰ ਹੈ। ਕੇਂਦਰ ਤੇ ਸੂਬਿਆਂ ਦਰਮਿਆਨਟੈਕਸ ਵੰਡ ਦੀ ਸਿਫਾਰਿਸ਼ ਕਰਨ ਵਾਲੇ ਫਾਇਨਾਂਸ ਕਮਿਸ਼ਨ ਨੇ ਸੂਬਿਆਂ ਨੂੰ ਨੈੱਟ ਟੈਕਸ ਦਾ 41 ਫੀਸਦੀ ਹਿੱਸਾ ਦੇਣ ਦੀ ਸਿਫਾਰਿਸ਼ ਕੇਂਦਰ ਸਰਕਾਰ ਨੂੰ ਕੀਤੀ ਸੀ। ਬਾਵਜੂਦ ਇਸ ਦੇ ਸੂਬਿਆਂ ਦੀ ਹਿੱਸੇਦਾਰੀ 2015-16 ਚ 35 ਫੀਸਦੀ ਅਤੇ 2023-24 'ਚ ਘਟਾ ਕੇ 30 ਫੀਸਦੀ ਕਰ ਦਿੱਤੀ ਗਈ।

ਜੁਲਾਈ 2017 ਤੋਂ ਲਾਗੂ ਹੋਏ ਜੀ. ਐੱਸ. ਟੀ. ਕਾਨੂੰਨ ਨੇ ਵੀ ਕੇਂਦਰ ਨੂੰ ਵੱਧ ਆਰਥਿਕ ਸ਼ਕਤੀਆਂ ਦਿੱਤੀਆਂ ਹਨ ਜਦਕਿ ਸੂਬਿਆਂ ਦੀ ਕੇਂਦਰ 'ਤੇ ਆਰਥਿਕ ਨਿਰਭਰਤਾ ਵਧਾ ਦਿੱਤੀ ਹੈ। 16ਵੇਂ ਫਾਇਨਾਂਸ ਕਮਿਸ਼ਨ ਦੇ ਚੇਅਰਮੈਨ ਡਾ. ਅਰਵਿੰਦ ਪਨਗੜ੍ਹੀਆ ਨੂੰ ਹਾਲ ਹੀ 'ਚ ਦਿੱਤੇ ਗਏ ਮੰਗ ਪੱਤਰ 'ਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੀ. ਐੱਸ. ਟੀ. ਲਾਗੂ ਹੋਣ ਪਿੱਛੋਂ ਸੂਬੇ ਨੂੰ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਕਿ ਵਿੱਤੀ ਸਾਲ 2024-25 ਲਈ ਪੰਜਾਬ ਦੇ ਅੰਦਾਜ਼ਨ ਬਜਟ 'ਚ 25,750 ਕਰੋੜ ਰੁਪਏ ਜੀ. ਐੱਸ. ਟੀ. ਦੀ ਤੁਲਨਾ 'ਚ ਵੈਟ ਲਾਗੂ ਰਹਿਣ ਦੀ ਸਥਿਤੀ 'ਚ 45000 ਕਰੋੜ ਰੁਪਏ ਤੋਂ ਵੱਧ ਟੈਕਸ ਹਾਸਲ ਹੁੰਦਾ। ਵੈਟ ਲਾਗੂ ਰਹਿੰਦਾ ਤਾਂ 2030-31 ਤੱਕ ਪੰਜਾਬ ਨੂੰ 95000 ਕਰੋੜ ਰੁਪਏ ਦੇ ਅੰਦਾਜ਼ਨ ਟੈਕਸ ਦੀ ਤੁਲਨਾ 'ਚ ਕੇਂਦਰ ਕੋਲੋਂ ਜੀ. ਐੱਸ. ਟੀ. 'ਚੋਂ ਹਿੱਸੇ ਦੇ ਤੌਰ 'ਤੇ 47,000 ਕਰੋੜ ਰੁਪਏ ਮਿਲਣ ਦਾ ਅੰਦਾਜ਼ਾ ਹੈ।


ਅੱਗੇ ਦੀ ਰਾਹ ਸੈਂਟ੍ਰਲ ਟੈਕਸ ਪੂਲ 'ਚ ਸੂਬਿਆਂ ਦੀ ਹਿੱਸੇਦਾਰੀ ਸਹੀ ਕਰਨ ਲਈ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਹੈ। ਕੇਂਦਰ ਅਤੇ ਸੂਬਿਆਂ ਦਰਮਿਆਨ ਮਾਲੀਆ ਸਰੋਤਾਂ ਦੇ ਪ੍ਰਬੰਧਨ 'ਚ ਨਿਰਪੱਖਤਾ ਅਤੇ ਜਵਾਬਦੇਹੀ ਤੈਅ ਹੋਵੇ, ਇਸ ਲਈ ਫਾਇਨਾਂਸ ਐਕਟ 'ਚ ਸੋਧ ਦੀ ਲੰਬੇ ਸਮੇਂ ਤੋਂ ਉਡੀਕ ਹੈ। ਬਿਹਤਰ ਇਨਫ੍ਰਾਸਟ੍ਰਕਚਰ ਅਤੇ ਬੁਨਿਆਦੀ ਸਹੂਲਤਾਂ ਦੀ ਬਿਹਤਰੀ ਲਈ ਸੂਬਿਆਂ ਨੂੰ ਹੋਰ ਵਧ ਆਜ਼ਾਦੀ ਚਾਹੀਦੀ ਹੈ। (ਲੇਖਕ ਕੈਬਨਿਟ ਮੰਤਰੀ ਰੈਂਕ 'ਚ ਪੰਜਾਬ ਦੇ ਇਕਨਾਮਿਕ ਪਾਲਿਸੀ ਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ।

**ਡਾ. ਅੰਮ੍ਰਿਤ ਸਾਗਰ ਮਿੱਤਲ**

## ਸਿਹਤਨਾਮਾ

### ਇਕ ਘੰਟਾ ਘੱਟ ਸੌਣਾ ਪੈ ਸਕਦੈ ਭਾਰੀ

ਮਨੁੱਖੀ ਸਰੀਰ ਨੂੰ ਬਿਹਤਰ ਤਰੀਕੇ ਨਾਲ ਕੰਮ ਕਰਨ ਲਈ ਆਮ ਤੌਰ 'ਤੇ ਸੱਤ ਤੋਂ ਅੱਠ ਘੰਟਿਆਂ ਦੀ ਨੀਂਦ ਜ਼ਰੂਰੀ ਹੈ ਪਰ ਭੱਜ-ਦੌੜ ਨਾਲ ਭਰੀ ਜ਼ਿੰਦਗੀ 'ਚ ਬਿਹਤਰ ਨੀਂਦ ਵੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਕਈ ਲੋਕ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪਰੇਸ਼ਾਨ ਹਨ। ਜੇ ਤੁਹਾਨੂੰ ਚੰਗੀ ਨੀਂਦ ਨਹੀਂ ਆਉਂਦੀ, ਤਾਂ ਇਹ ਪੂਰੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਕ ਖੋਜ 'ਚ ਸਾਹਮਣੇ ਆਇਆ ਹੈ ਕਿ ਜੇ ਤੁਸੀਂ ਰਾਤ ਨੂੰ ਇਕ ਘੰਟਾ ਘੱਟ ਸੌਂਦੇ ਹੋ ਤਾਂ ਕੰਮ ਦੌਰਾਨ ਧਿਆਨ ਕੇਂਦਰਿਤ ਕਰਨ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਲੰਬੇ ਸਮਾਂ ਇਹੀ ਹਾਲਾਤ ਬਣੇ ਰਹੇ ਤਾਂ ਮਾਨਸਿਕ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ। ਹੈਦਰਾਬਾਦ ਦੇ ਇੰਦਰਪ੍ਰਸਥ ਅਪੋਲੋ ਹਸਪਤਾਲ ਦੇ ਡਾ. ਸੁਧੀਰ ਕੁਮਾਰ ਨੇ ਕਿਹਾ ਕਿ ਜਦੋਂ ਲੋਕਾਂ



ਨੂੰ ਲੋੜੀਂਦੀ ਨੀਂਦ ਨਹੀਂ ਮਿਲਦੀ ਹੈ ਤਾਂ ਇਸਦੇ ਕਾਰਨ ਉਨ੍ਹਾਂ 'ਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਜੇ ਰਾਤ ਦੇ ਸਮੇਂ ਸਿਰਫ ਇਕ ਘੰਟੇ ਦੀ ਨੀਂਦ ਘੱਟ ਲਈ ਜਾਵੇ ਤਾਂ ਇਸ ਨਾਲ ਉੱਭਰਨ 'ਚ ਚਾਰ ਦਿਨ ਤੱਕ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਖ਼ਰਾਬ ਨੀਂਦ ਨਾਲ ਸਿਰਦਰਦ, ਚਿੰਤਾ ਤੇ ਤਣਾਅ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਨੀਂਦ ਪੂਰੀ ਨਾ ਹੋਣ ਕਾਰਨ ਫ਼ੈਸਲਾ ਲੈਣ 'ਚ ਸਮੱਸਿਆ ਤੇ ਡਰਾਈਵਿੰਗ ਦੌਰਾਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਰੋਜ਼ਾਨਾ ਦੇ ਕੰਮ ਕਰਨ ਦੀ ਸਮਰੱਥਾ 'ਤੇ ਵੀ ਡੂੰਘਾ ਪ੍ਰਭਾਵ ਪੈ ਸਕਦਾ ਹੈ।

ਇਸ ਨਾਲ ਹਾਦਸੇ ਵੀ ਵਾਪਰ ਸਕਦੇ ਹਨ। ਇਸਦੇ ਨਾਲ ਹੀ ਨੀਂਦ 'ਚ ਕਮੀ ਕਾਰਨ ਡਾਇਬਟੀਜ਼ ਦਾ ਖ਼ਤਰਾ, ਹਾਈਪਰਟੈਨਸ਼ਨ, ਮੋਟਾਪਾ, ਹਾਰਟ ਅਟੈਕ ਤੇ ਸਟ੍ਰੋਕ ਸਮੇਤ ਹੋਰਨਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਅੱਗੇ ਜਾ ਕੇ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਵੱਧ ਸੌਣਾ ਵੀ ਚੰਗਾ ਨਹੀਂ ਹੈ। ਨੀਂਦ ਦੇ ਘੰਟੇ ਦੇ ਨਾਲ ਹੀ ਸੌਣ ਦਾ ਸ਼ਡਿਊਲ ਸਹੀ ਹੋਣਾ ਜ਼ਰੂਰੀ ਹੈ। ਇਸਦੀ ਮਦਦ ਨਾਲ ਇੰਸੂਲਿਨ ਪ੍ਰਤੀਰੋਧ ਸਮਰੱਥਾ ਨੂੰ ਘੱਟ ਕੀਤਾ ਜਾ ਸਕਦਾ ਹੈ।

### ਮੋਟਾਪੇ ਕਾਰਨ ਵੱਧ ਸਕਦੈ ਦਿਲ ਦਾ ਦੌਰਾ ਪੈਣ ਦਾ ਖਤਰਾ

ਮੋਟਾਪਾ ਸਾਡੀ ਸਿਹਤ ਲਈ ਠੀਕ ਨਹੀਂ ਮੰਨਿਆ ਜਾਂਦਾ ਕਿਉਂਕਿ ਇਹ ਕਈ ਬਿਮਾਰੀਆਂ ਲੱਗਣ ਦੀ ਵਜ੍ਹਾ ਬਣ ਸਕਦਾ ਹੈ। ਖੋਜ ਕਰਤਾਵਾਂ ਨੇ ਮੋਟਾਪੇ ਨੂੰ ਹਾਰਟ ਫੇਲ੍ਹ ਦੇ ਕਾਰਨਾਂ ਵਿਚ ਸ਼ਾਮਲ ਪਾਇਆ ਹੈ। ਉਨ੍ਹਾਂ ਨੇ ਪਾਇਆ ਹੈ ਕਿ ਮੋਟਾਪਾ ਹਾਰਟ ਫੇਲੀਅਰ ਵਿਦ ਏ ਪ੍ਰੀਜ਼ਰਵਡ ਇਜੈਕਸ਼ਨ ਫ੍ਰੈਕਸ਼ਨ ਅਰਥਾ ਐੱਚਐੱਫਪੀਈਐੱਫ ਬਿਮਾਰੀ ਤੱਕ ਲੈ ਜਾਂਦਾ ਹੈ।

ਇਹ ਹਾਲਤ ਰੋਗੀਆਂ ਦੀਆਂ ਮਾਸਪੇਸ਼ੀਆਂ ਦੀ ਰਚਨਾ ਨੂੰ ਪ੍ਰਭਾਵਤ ਕਰਦੀ ਹੈ। ਐੱਚਐੱਫਪੀਈਐੱਫ ਦੁਨੀਆ ਭਰ ਵਿਚ ਦਿਲ ਦੀ ਗਤੀ ਰੁਕਣ ਦੇ ਅੱਧੇ ਤੋਂ ਵੱਧ ਮਾਮਲਿਆਂ ਲਈ ਜ਼ਿੰਮੇਵਾਰ ਹੈ।

ਐੱਚਐੱਫਪੀਈਐੱਫ ਕਾਰਨ ਲੋਕਾਂ ਨੂੰ ਵੱਡੀ ਪੱਧਰ 'ਤੇ ਹਸਪਤਾਲ ਵਿਚ ਭਰਤੀ ਹੋਣਾ ਪੈਂਦਾ । ਪੰਜ ਸਾਲਾਂ ਵਿਚ ਇਸ ਰੋਗ ਕਾਰਨ ਮੌਤ ਦੀ ਦਰ 30 ਤੋਂ 40 ਫ਼ੀਸਦ ਰਹੀ ਹੈ। ਹਾਲਾਂਕਿ ਆਮ ਤੌਰ 'ਤੇ ਇਹ ਹਾਈ ਬਲੱਡ ਪ੍ਰੈਸ਼ਰ ਤੇ ਮਾਸਪੇਸ਼ੀਆਂ ਦੇ ਵਾਧੇ (ਹਾਈਪਰਟ੍ਰਾਫੀ) ਨਾਲ ਜੁੜਿਆ ਹੋਇਆ ਹੁੰਦਾ ਹੈ। ਪਿਛਲੇ 20 ਸਾਲਾਂ ਵਿਚ



ਐੱਚਐੱਫਪੀਈਐੱਫ ਗੰਭੀਰ ਮੋਟਾਪੇ ਤੇ ਡਾਇਬਟੀਜ਼ ਰੋਗੀਆਂ ਵਿਚ ਵੱਧ ਰਿਹਾ ਹੈ।


WESTERN COMMUNITY COLLEGE
Proudly
Graduated
7000+
Students
Since 2012
Health Care Assitant
Community Support Worker
Pharmacy Assistant Program
Dental Assistant
Business Management
Education Assistant
AND MORE...
CLOSE TO 50 PROGRAMS & 3 CAMPUS LOCATIONS TO SERVE THE COMMUNITY
WCC.CA
Abbotsford, BC
Unit 201, 3670 Townline Rd
Abbotsford, BC V2T 5W8
Tel : 604.776.1301
Surrey, BC
Unit 201 8318 120 St
Surrey, BC V3W 3N4
Tel : 604.594.3500
South Surrey, BC
Unit 204, 15850 24 Ave,
Surrey, BC V3Z 0G1
Tel : 604.594.3500


OPENING SOON!!!
KELOWNA LOCATION
SABZI MANDI SUPERMARKET
Serving our Community since 2003
Beautiful Rakhi's in store now
HOT PRICE SEEDLESS WATERMELON ਮਤੀਰਾ 79¢ /lb
HOT PRICE JUMBO CAULIFLOWER ਗੋਭੀ SIZE 9 2.49 ea
HOT PRICE LONG ENGLISH CUCUMBERS ਖੀਰੇ 2 for 1.49
HOT PRICE BC TINDA ਟਿੰਡਾ 99¢ /lb
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 6.99 ea
UNBEATABLE DEAL
HEER DURUM ATTA ਹੀਰ ਦੁਰਮ ਆਟਾ 20lb 11.99 ea
CHAPPAN KADDU SUMMER SQUASH ਚਪਣ ਕੱਦੂ HOT PRICE 1.49 /lb
ROSHNI TAMARIND ਰੋਸ਼ਨੀ ਇਮਲੀ 400g 2 for 4.99
FRESH GINGER ਅੱਦਰਕ 1.49 /lb
ROSHNI SOYA CHAAP ਰੋਸ਼ਨੀ ਸੋਯਾ ਚਾਪ 850g 3.99 ea
INDIAN ROOH AFZA ਰੂਹ ਅਫਜ਼ਾ 750ml 3.99 ea
HAPPY DAIRY PANEER ਹੈਪੀ ਡੇਰੀ ਪਨੀਰ 300g 4.49 ea
VERKA DESI GHEE ਵੇਰਕਾ ਦੇਸੀ ਘਿਉ 3kg 41.99 ea
FRESH RAPINI ਸਾਗ Bunch 2.79 ea
GITS READY-TO-EAT ਗਿਟਸ ਰੇਡੀ-ਟੂ-ਈਟ 300g 2 for $6
MERI CHAI TEA ਮੇਰੀ ਚਾਹ 216's 5.99 ea
ROYAL 6-COMPARTMENT PARTY TRAYS ਰੋਯਲ ਪਾਰਟੀ ਪਲੇਟ 40 pack 6.99 ea
LEHAR GACHAK ਲੈਹਰ ਗੱਚਕ 400g 3.49 ea
KENT MANGOES ਕੈਂਟ ਅੰਬ Case 15.99 ea
BROWN SUGAR ਭੂਰੀ ਖੰਡ 8lb 7.99 ea
PEELED GARLIC ਲਸਣ 5lb Jar 10.99 ea
INDIAN EGGPLANT ਦੇਸੀ ਵਤਾਊਂ 1.69 /lb
US #1 POTATOES ਆਲੂ 10lb 3.99 ea
BC LONG HOT CHILLI ਲੰਬੀ ਹਰੀ ਮਿਰਚ 2.99 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. August 09, 2024 - Wed. August 14, 2024
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com